ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ੴ

ਲੜੀ/ਅੰਕ ਨੰ: 15/03 ਮਾਰਚ 2015 – ਨਾਨਕਸ਼ਾਹੀ ਫੱਗਣ-ਚੇਤ ੫੪੭

## ਇਤਿਹਾਸਿਕ ਦਿਹਾੜੇ

### ਮਾਰਚ ਅਤੇ ਅਪ੍ਰੈਲ 2015

| | |
|---|---|
| ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਜੀ | 6 ਮਾਰਚ |
| ਨਾਨਕਸ਼ਾਹੀ ਸੰਮਤ ੫੪੭ ਅਰੰਭ | 14 ਮਾਰਚ |
| ਗੁਰਗੱਦੀ ਦਿਵਸ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ | 14 ਮਾਰਚ |
| ਜੋਤੀ ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 19 ਮਾਰਚ |
| ਖਾਲਸਾ ਸਾਜਨਾ ਦਿਵਸ | 14 ਅਪ੍ਰੈਲ |
| ਗੁਰਗੱਦੀ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ | 16 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ | 16 ਅਪ੍ਰੈਲ |
| ਗੁਰਗੱਦੀ ਦਿਵਸ ਸ੍ਰੀ ਗੁਰੂਤੇਗ ਬਹਾਦੁਰ ਜੀ | 16 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ | 16 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 18 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਜੀ | 18 ਅਪ੍ਰੈਲ |

**ਵਧਾਈ** ਆਪ ਜੀ ਦੀ ਸੋਸਾਇਟੀ ਦੀ Website **www. gurmatparsar. com** ਜਨਰਲ ਇਕੱਤਰਤਾ ਮਿਤੀ 01-03-2015 ਤੋਂ ਅਰੰਭ ਹੋ ਗਈ ਹੈ ।

ਮਿਤੀ 1 ਮਾਰਚ 2015 ਨੂੰ ਹੋਈ ਜਨਰਲ ਇੱਕਤ੍ਰਤਾ ਦੀ ਕਾਰਵਾਈ ਪੰਨਾ ਨੰ: 10 ਤੇ ਦੇਖੋ।

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਹੋਲਾ-ਮਹੱਲਾ

(ਦਿਵਸ-ਮਾਰਚ 6, 2015)

ਡਾ. ਜਗਜੀਤ ਸਿੰਘ

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਮਤ 1757 ਚੇਤ ਬਦੀ (ਸੰਨ 1700ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਕਿਲਾ ਹੋਲਗੜ੍ਹ ਵਿਖੇ ਇਕ ਮਹਾਨ ਦੀਵਾਨ ਸਜਾਇਆ ਜਿਸ ਵਿਚ ਉਨ੍ਹਾਂ ਦੇ ਆਦੇਸ਼ਾਂ ਅਨੁਸਾਰ ਦੂਰ ਨੇੜੇ ਦੀਆਂ ਸੰਗਤਾਂ ਸ਼ਸਤਰ ਬਸਤਰ ਸਜਾ ਕੇ, ਘੋੜੇ ਹਾਥੀਆਂ ਉਪਰ ਸਸ਼ੋਭਿਤ ਸੂਰਬੀਰ ਖਾਲਸਾ, ਨਿਹੰਗ ਫੌਜਾਂ, ਗਤਕਾ ਖੇਡਣ ਵਾਲੇ ਨੌਜਵਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਦੀਵਾਨ ਨੂੰ ਸੰਬੋਧਨ ਕਰਦਿਆਂ ਗੁਰੂ ਮਹਾਰਾਜ ਨੇ ਰੰਗਾਂ ਦੇ ਤਿਉਹਾਰ 'ਹੋਲੀ' ਨੂੰ 'ਹੋਲਾ ਮਹੱਲਾ' ਵਿਚ ਤਬਦੀਲ ਕਰਨ ਦਾ ਐਲਾਨ ਕੀਤਾ ਅਤੇ ਫੁਰਮਾਇਆ ਕਿ ਸੰਤ-ਸਿਪਾਹੀ ਖਾਲਸਾ 'ਹੋਲਾ ਮਹੱਲਾ' ਵਾਲੇ ਦਿਨ ਯੁੱਧ-ਵਿਦਿਆ ਦੇ ਕਰਤੱਵ, ਕ੍ਰਿਪਾਨ ਦੇ ਜੌਹਰ, ਗਤਕੇ ਦੇ ਪੈਂਤੜੇ, ਚੱਕਰਾਂ ਦੀ ਕਲਾ, ਘੋੜ ਸਵਾਰੀ, ਨੇਜ਼ਾਬਾਜ਼ੀ ਆਦਿ ਦੀ ਕਲਾ ਦਾ ਪ੍ਰਦਰਸ਼ਨ ਕਰੇਗਾ। ਗੱਲ ਕੀ ਹੋਲੀ ਦਾ ਇਹ ਤਿਉਹਾਰ, ਹੋਲਾ-ਮਹੱਲਾ ਦੇ ਰੂਪ ਵਿਚ ਖਾਲਸੇ ਦੀ ਬੀਰ-ਰਸੀ ਪ੍ਰਦਰਸ਼ਨੀ ਅਤੇ ਰੰਗਾਂ-ਗੁਲਾਲਾਂ ਦੇ ਅਨੰਦਾਂ ਦਾ ਤਿਉਹਾਰ ਵਿਚ ਬਦਲ ਗਿਆ।

ਪਿਛੋਕੜ : ਹੋਲੀ ਦਾ ਸੰਬੰਧ ਹਰਣਾਖਸ ਨਾਲ ਜੋੜਿਆ ਜਾਂਦਾ ਹੈ ਜੋ ਹਉਮੈ, ਅਹੰਕਾਰ ਵਿਚ ਸਾਰੀ ਪ੍ਰਜਾ ਤੋਂ ਰੱਬ ਦੀ ਥਾਂ ਆਪਣੀ ਪੂਜਾ ਕਰਾਉਣ ਲਈ ਬਜ਼ਿਦ ਸੀ ਪਰ ਉਸ ਦਾ ਪੁੱਤਰ ਪ੍ਰਹਿਲਾਦ ਇਸ ਤੋਂ ਆਕੀ ਹੋ ਗਿਆ। ਉਹ ਪਿਤਾ ਦੀ ਨਹੀਂ; ਪ੍ਰਮਾਤਮਾ ਦੀ ਪੂਜਾ ਵਿਚ ਜੁੜਿਆ ਰਹਿੰਦਾ। 'ਜਲੇ ਹਰਨਾਖਸ਼, ਥਲੇ ਹਰਨਾਖਸ਼, ਹੈ ਭੀ ਹਰਨਾਖਸ਼, ਹੋਸੀ ਭੀ ਹਰਨਾਕਸ਼' ਕਹਿਣ ਦੀ ਥਾਂ 'ਜਲੇ ਹਰੀ, ਥਲੇ ਹਰੀ' ਉਚਾਰਣ ਕਰਦਾ। ਹਰਣਾਖਸ਼ ਇਸ ਵਿਦ੍ਰੋਹੀ ਬਾਲਕ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਉਸ ਦੀ ਭੈਣ ਹੋਲਿਕਾ (ਹੋਲੀ, ਢੂੰਡਾ) ਨੂੰ ਵਰ ਪ੍ਰਾਪਤ ਸੀ ਕਿ ਉਸ ਨੂੰ ਅੱਗ ਸਾੜ ਨਹੀਂ ਸਕੇਗੀ। ਉਸ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ ਵਿਚ ਦੇ ਕੇ ਮਚਦੀ ਅੱਗ ਵਿਚ ਬਿਠਾ ਦਿਤਾ ਜਿਸ ਵਿਚ ਹੋਲਿਕਾ ਤਾਂ ਸੜ ਗਈ, ਪਰ ਪ੍ਰਹਿਲਾਦ ਦਾ ਕੁਝ ਨਾ ਵਿਗੜਿਆ। ਇਸ ਦਾ ਹਵਾਲਾ ਗੁਰਬਾਣੀ ਵਿਚ ਵੀ ਪ੍ਰਾਪਤ ਹੈ -

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥ ਅੰਗ - ੪੫੧

ਇਸ ਪ੍ਰਕਰਣ ਵਿਚ ਹੀ ਅੱਗ ਬਾਲਣ ਦਾ ਰਿਵਾਜ ਚੱਲਿਆ ਅਤੇ ਖੁਸ਼ੀ ਦੇ ਪ੍ਰਤੀਕ ਵਜੋਂ ਇਕ ਦੂਜੇ 'ਤੇ ਰੰਗ ਪਾਏ ਗਏ। ਹੌਲੀ-ਹੌਲੀ ਇਸ ਤਿਉਹਾਰ ਵਿਚ ਵਿਗਾੜ ਆਉਣਾ ਸ਼ੁਰੂ ਹੋਇਆ ਅਤੇ ਇਸ ਦੇ ਤੌਰ ਤਰੀਕੇ ਬਦਲ ਗਏ। ਰੰਗਾਂ ਦੀ ਥਾਂ ਹਰ ਤਰ੍ਹਾਂ ਦਾ ਕੂੜਾ ਕਰਕਟ, ਗੰਦ ਮੰਦ ਇਕ ਦੂਜੇ ਉਤੇ ਸੁੱਟਣ ਦੀ ਪ੍ਰਥਾ ਚੱਲ ਪਈ ਅਤੇ ਇਸਨੂੰ ਸ਼ੂਦਰਾਂ ਦਾ ਤਿਉਹਾਰ ਗਰਦਾਨਿਆ ਗਿਆ। ਤਿੰਨ ਚਾਰ ਦਹਾਕੇ ਪਹਿਲਾਂ ਤੱਕ ਹੋਲੀਆਂ ਦੇ ਦਿਨਾਂ ਵਿਚ ਕਿਸੇ ਦਾ ਘਰੋਂ ਬਾਹਰ ਨਿਕਲਣ ਦਾ ਭਾਵ ਮੁਸੀਬਤ ਮੁੱਲ ਲੈਣਾ ਹੁੰਦਾ ਸੀ। ਰੇਲ ਗੱਡੀਆਂ, ਬੱਸਾਂ, ਟਰੱਕਾਂ ਅਤੇ ਹੋਰ ਆਵਾਜਾਈ ਦੇ ਸਾਧਨਾਂ ਨੂੰ ਚਿੱਕੜ, ਗੰਦਗੀ ਤੇ ਰੰਗਾਂ ਨਾਲ ਲਬੇੜ ਦਿਤਾ ਜਾਂਦਾ। ਲੋਕੀ ਸ਼ਰਾਬਾਂ ਪੀ ਕੇ ਗਲੀਆਂ ਬਜ਼ਾਰਾਂ ਵਿਚ ਹੁਲੜ ਬਾਜ਼ੀ ਕਰਦੇ ਪਰ ਸਮਾਂ ਬੀਤਣ ਨਾਲ ਕੁਝ ਸੋਝੀ ਆਈ ਹੈ, ਕੁਝ ਸੁਧਾਰ ਹੋਇਆ ਹੈ।

ਹੋਲੀ ਇਕ ਮੌਸਮੀ ਤਿਉਹਾਰ ਵੀ ਹੈ। ਚੇਤ ਦਾ ਮਹੀਨਾ ਬਸੰਤ-ਬਹਾਰ ਦਾ ਸੁਹਾਵਣਾ ਖੁਸ਼ੀਆਂ ਭਰਿਆ ਮਹੀਨਾ ਮੰਨਿਆ ਜਾਂਦਾ ਹੈ। ਚੇਤ ਤੋਂ ਪਹਿਲਾਂ ਪੋਹ ਮਾਘ ਦੇ ਮਹੀਨਿਆਂ ਵਿਚ ਪਾਲੇ ਤੇ ਤੁਖਾਰ ਕਾਰਨ ਵੀਰਾਨਗੀ ਅਤੇ ਪਤਝੜ ਕਾਰਨ ਉਦਾਸੀ ਛਾਈ ਰਹਿੰਦੀ ਹੈ। ਬਸੰਤ ਵਿਚ ਕੁਦਰਤ ਮੌਲਦੀ ਹੈ, ਕਰੂੰਬਲਾਂ ਫੁੱਟਦੀਆਂ ਹਨ, ਹਰ ਪਾਸੇ ਹਰਿਆਵਲ ਦ੍ਰਿਸ਼ਟਮਾਨ ਹੁੰਦੀ ਹੈ। ਇਸ ਤਰ੍ਹਾਂ ਹੋਲੀ ਨੂੰ ਬਹਾਰ ਦੇ ਮੌਸਮ ਵਜੋਂ ਵੀ ਮਨਾਇਆ ਜਾਂਦਾ ਹੈ। ਗੁਰੂ ਮਹਾਰਾਜ ਨੇ ਇਸ ਸੁਹਾਵਣੀ ਰੁੱਤ ਨੂੰ ਪ੍ਰਭੂ-ਪਿਆਰ ਅਤੇ ਭਗਤੀ ਲਈ ਬੜਾ ਉੱਤਮ ਤੇ ਯੋਗ ਸਮਾਂ ਮੰਨਿਆ ਹੈ। ਗੁਰਬਾਣੀ ਵਿਚ ਬਾਹਰਲੇ ਕੱਚੇ ਤੇ ਫਿੱਕੇ ਰੰਗਾਂ ਦੀ ਹੋਲੀ ਖੇਡਣ ਦੀ ਥਾਂ ਪ੍ਰਭੂ ਦੇ ਪੱਕੇ ਮਜੀਠ ਰੰਗ ਵਿਚ ਰੰਗੇ ਜਾਣ ਦੀ ਪ੍ਰੇਰਨਾ ਕੀਤੀ ਹੈ -

ਰਾਮ ਰੰਗੁ ਕਦੇ ਉਤਰਿ ਨ ਜਾਇ ॥ ਗੁਰੁ ਪੂਰਾ ਜਿਸੁ ਦੇਇ ਬੁਝਾਇ ॥ ਅੰਗ - ੧੯੪

ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥ ਅੰਗ - ੭੨੨

ਨਾਮ-ਰੰਗ ਪੱਕਾ ਮਜੀਠੀ ਰੰਗ ਹੈ ਜੋ ਕਦੇ ਨਹੀਂ ਉਤਰਦਾ। ਇਹ ਰੰਗ ਗੁਰੂ ਕ੍ਰਿਪਾ ਨਾਲ ਚੜ੍ਹਦਾ ਹੈ -

ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥
ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥ ਅੰਗ - ੭੩੧

ਇਸ 'ਹੋਲੀ' ਨੂੰ ਪ੍ਰਭੂ-ਪਿਆਰ ਵਿਚ, ਨਾਮ-ਰੰਗ ਵਿਚ ਰੰਗੀਜ ਕੇ ਨਾਮ-ਰਸੀਏ, ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਮਾਣ ਕੇ ਨਾਮ-ਜਪ-ਸਿਮਰਨ ਦੇ ਰੰਗ ਵਿਚ ਰੰਗੀਜ ਕੇ ਮਨਾਉਂਦੇ ਹਨ-

ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥ ਅੰਗ - ੧੧੮੦

ਦਰਅਸਲ 15ਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਸੰਚਾਲਿਤ ਸਿੱਖ ਧਰਮ ਇਕ ਇਨਕਲਾਬੀ ਲਹਿਰ ਸੀ ਜਿਸਨੇ ਭਾਰਤੀ ਸਮਾਜ ਦੇ ਨਕਾਰਾਤਮਕ ਧਾਰਮਿਕ ਅਤੇ ਸਮਾਜਿਕ ਵਿਸ਼ਵਾਸ਼ਾਂ ਅਤੇ ਰਹੁ-ਰੀਤਾਂ ਦਾ ਘੁੱਪ ਹਨ੍ਹੇਰਾ ਗਿਆਨ ਦੀ ਰੌਸ਼ਨੀ ਨਾਲ ਦੂਰ ਕਰਨ ਦਾ ਯਤਨ ਕੀਤਾ। ਅਨੇਕਾਂ ਦੇਵੀ ਦੇਵਤਿਆਂ ਦੀ ਪੂਜਾ ਤੇ ਆਪਸੀ ਵੈਰ-ਵਿਰੋਧ; ਸ਼੍ਰੇਣੀ ਵੰਡ ਕਥਿਤ ਛੋਟੀਆਂ ਜਾਤਾਂ ਅਤੇ ਕਿਰਤੀਆਂ-ਮੋਚੀ, ਨਾਈ, ਛੀਂਬੇ, ਧੋਬੀ, ਲੋਹਾਰ, ਤਰਖਾਣ, ਮਿਸਤਰੀਆਂ ਆਦਿ ਪ੍ਰਤੀ ਨਫਰਤ ਅਤੇ ਛੂਤ-ਛਾਤ; ਪੰਡਿਤ ਪ੍ਰੋਹਿਤ ਸ਼੍ਰੇਣੀ ਦੀ ਹਉਮੈ-ਅਹੰਕਾਰ ਅਤੇ ਉਪਰੋਂ ਕਈ ਸਦੀਆਂ ਦੀ ਰਾਜਨੀਤਕ ਗੁਲਾਮੀ ਨੇ ਲੋਕਾਂ ਵਿਚ ਸ੍ਵੈਮਾਨ ਅਤੇ ਅਣਖ ਵਾਲਾ ਜੀਵਨ ਜੀਉਣ ਦਾ ਉਤਸ਼ਾਹ ਤੇ ਭਾਵਨਾ ਖਤਮ ਕਰ ਦਿਤੀ ਸੀ। ਗੁਰੂ ਨਾਨਕ ਦੇਵ ਜੀ ਅਤੇ ਦਸ ਗੁਰੂ ਸਾਹਿਬਾਨ ਨੇ ਇਸ ਬੋਦੇ ਬਿਖਰੇ ਸਮਾਜ ਨੂੰ ਨਵੀਆਂ ਸੱਚੀਆਂ-ਸੁਚੀਆਂ ਕਦਰਾਂ ਕੀਮਤਾਂ ਪ੍ਰਦਾਨ ਕੀਤੀਆਂ, ਸਭਨਾਂ ਨੂੰ ਇਕ ਪ੍ਰਮਾਤਮਾ ਦੀ ਭਗਤੀ ਵਿਚ ਜੋੜਿਆ, ਇਕ ਪੰਗਤ ਵਿਚ ਬਿਠਾ ਕੇ ਸਾਂਝੇ ਲੰਗਰ ਦੀ ਪ੍ਰਥਾ ਚਲਾਈ, ਇਕ ਸੰਗਤ ਵਿਚ ਜੋੜ ਕੇ ਇਕ ਪ੍ਰਭੂ ਦੀ ਅਰਾਧਨਾ ਕਰਨ ਦੀ ਰੀਤ ਚਲਾਈ। ਇਸਤ੍ਰੀ ਨੂੰ ਗੁਰੂ, ਭਗਤ, ਸੂਰਬੀਰ ਦੀ ਜਨਨੀ ਕਹਿ ਕੇ ਸਤਿਕਾਰਿਆ। ਨਵੇਂ ਨਰੋਏ ਸਮਾਜ ਦੀ ਸਿਰਜਨਾ ਕੀਤੀ ਜਿਸ ਦੀ ਰਖਿਆ ਹਿਤ ਗੁਰੂਆਂ ਨੇ, ਸਾਹਿਬਜ਼ਾਦਿਆਂ ਅਤੇ ਗੁਰਸਿਖਾਂ ਨੇ ਸੀਸ ਬਲੀਦਾਨ ਕੀਤੇ। 1699 ਦੀ ਵਿਸਾਖੀ ਇਸ ਲਹਿਰ ਦਾ ਸਿਖਰ ਸੀ ਜਦੋਂ 'ਖਾਲਸੇ ਦੀ ਸਾਜਨਾ' ਹੋਈ। ਖਾਲਸੇ ਨੂੰ ਨਵਾਂ ਰੂਪ, ਨਵਾਂ ਲਿਬਾਸ, ਨਵੀਂ ਅਨੋਖੀ ਦਿਖ, ਸੰਤ-ਸਿਪਾਹੀ ਦਾ ਕਿਰਦਾਰ, ਸ੍ਵੈ-ਰਖਿਆ ਤੇ ਮਜ਼ਲੂਮ ਦੀ ਰਖਿਆ ਦਾ ਮਾਣ ਬਖਸ਼ਿਸ਼ ਕੀਤਾ। ਖਾਲਸੇ

ਵਿਚ ਆਜ਼ਾਦੀ ਅਤੇ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ ਉਨ੍ਹਾਂ ਦੀਆਂ ਰਹੁਰੀਤਾਂ ਅਤੇ ਬੋਲ-ਬੋਲਾਰੇ ਵੀ ਬਦਲ ਦਿਤੇ। ਖਾਲਸੇ ਨੂੰ 'ਵਾਹਿਗੁਰੂ ਜੀ ਕਾ ਖਾਲਸਾ' ਕਹਿ ਕੇ ਮਾਣ ਬਖਸ਼ਿਆ, 'ਵਾਹਿਗੁਰੂ ਜੀ ਕੀ ਫਤਹਿ' ਰਾਹੀਂ ਖਾਲਸੇ ਨੂੰ ਹਰ ਮੈਦਾਨ ਫਤਹਿ ਦੀ ਅਸੀਸ ਦਿਤੀ। ਉਨ੍ਹਾਂ ਦੇ ਦਿਨ, ਤਿਉਹਾਰ, ਰਹੁ-ਰੀਤਾਂ ਵਿਚ ਵੀ ਨਵੇਂ-ਦ੍ਰਿਸ਼ਟੀਕੋਣ ਤੋਂ ਤਬਦੀਲੀਆਂ ਕੀਤੀਆਂ। ਹੋਲੀ ਨੂੰ ਵੀ ਇਸੇ ਪ੍ਰਕਰਣ ਵਿਚ ਹੋਲਾ ਮਹੱਲਾ ਦਾ ਰੂਪ ਦਿਤਾ -

ਔਰਨ ਕੀ ਹੋਲੀ ਮਮ ਹੋਲਾ। ਕਯਯੋ ਕ੍ਰਿਪਾ ਨਿਧਿ ਬਚਨ ਅਮੋਲਾ॥ ਮਹਾਨ ਕੋਸ਼

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹੋਲਾ ਮਹੱਲਾ ਦਾ ਭਾਵ ਹੈ - ਹਮਲਾ ਅਤੇ ਜਾਯ ਹਮਲਾ, ਹੱਲਾ ਅਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁੱਧ-ਵਿਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤੱਬ (manoeure) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੀ ਅਤੇ ਜੋ ਦਲ ਕਾਮਯਾਬ ਹੁੰਦਾ ਉਸਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ। ਖਾਲਸੇ ਵਿਚ ਸੁਤੰਤਰਤਾ ਸ੍ਵੈਮਾਨ ਅਤੇ ਬੀਰਤਾ ਦਾ ਅੰਸ਼ ਭਰਨ ਲਈ ਗੁਰੂ ਜੀ ਨੇ ਅਨੰਦਪੁਰ ਸਾਹਿਬ ਵਿਖੇ ਪੰਜ ਕਿਲ੍ਹੇ ਉਸਾਰੇ - ਅਨੰਦਗੜ੍ਹ, ਲੋਹਗੜ੍ਹ, ਫਤਿਹਗੜ੍ਹ, ਕੇਸਗੜ੍ਹ, ਹੋਲਗੜ੍ਹ। ਸ਼ਸਤਰਧਾਰੀ ਸੰਤ-ਸਿਪਾਹੀ ਖਾਲਸੇ ਦੀ ਸਾਜਨਾ ਅਤੇ ਗੁਰੂ ਮਹਾਰਾਜ ਜੀ ਦੇ ਹੋਰ ਸਾਰੇ ਕਾਰਜ ਇਹ ਸਿੱਧ ਕਰਦੇ ਹਨ ਕਿ ਸਦੀਆਂ ਤੋਂ ਵਿਦੇਸ਼ੀ ਹਕੂਮਤ ਦੀ ਗੁਲਾਮੀ ਸਹਾਰਦੇ ਨਿਰਬਲ ਹੋਏ ਭਾਰਤੀਆਂ ਵਿਚ ਗੁਰੂ ਮਹਾਰਾਜ ਅਣਖ ਅਤੇ ਸੂਰਬੀਰਤਾ ਦਾ ਜਜ਼ਬਾ ਭਰਨਾ ਚਾਹੁੰਦੇ ਸੀ, ਸੁਤੰਤਰਤਾ ਦੀ ਲਾਗ ਲਗਾਉਣੀ ਚਾਹੁੰਦੇ ਸੀ। ਮੁਗਲ ਰਾਜ ਵਿਚ ਜਨਤਾ ਨੂੰ ਗੁਲਾਮ ਅਤੇ ਹੀਣ-ਭਾਵ ਵਿਚ ਰੱਖਣ ਲਈ ਬੜੇ ਸਖਤ ਕਾਨੂੰਨ ਬਣਾਏ ਗਏ ਸੀ ਜਿਵੇਂ ਸ਼ਸਤਰ ਧਾਰਨ ਕਰਨ ਅਤੇ ਰੱਖਣ ਦੀ ਮਨਾਹੀ, ਦਸਤਾਰ ਅਤੇ ਕਲਗੀ ਸਜਾਉਣ ਦੀ ਮਨਾਹੀ, ਘੋੜ ਸਵਾਰੀ ਕਰਨ ਦੀ ਮਨਾਹੀ, ਝੰਡਾ, ਨਗਾਰਾ, ਫੌਜ ਰਖਣ ਦੀ ਮਨਾਹੀ ਇਤਿਆਦਿ।

ਅਰਥਾਤ ਚੰਗੇ ਤੇ ਸ਼ਾਹੀ ਸਾਰੇ ਕਾਰਜ ਹਕੂਮਤ ਕਰਨ ਵਾਲਿਆਂ ਲਈ ਸੁਰਖਿਅਤ ਸਨ। ਗੁਰੂ ਮਹਾਰਾਜ ਦੀ ਸਾਰੀ ਕਿਰਿਆ ਇਨ੍ਹਾਂ ਬੇਗੈਰਤੀ ਕਾਨੂੰਨਾਂ ਵਿਰੁੱਧ ਬਹੁਤ ਵੱਡਾ ਵਿਦਰੋਹ ਸੀ। ਇਸੇ ਲਈ ਸਮੂੰਹ ਖਾਲਸੇ ਨੂੰ ਸ਼ਸਤਰਧਾਰੀ ਹੋਣਾ, ਦਸਤਾਰ ਦੁਮਾਲੇ ਸਜਾਣੇ, ਘੋੜੇ ਹਾਥੀ ਰਖਣੇ, ਕਿਲੇ ਉਸਾਰਨੇ, ਨਿਸ਼ਾਨ ਸਾਹਿਬ ਝੁਲਾਣੇ, ਨਗਾਰੇ ਵਜਾਣੇ ਇਤਿਆਦਿ ਸ਼ਾਮਲ ਸੀ। ਗੁਰੂ ਜੀ ਨੇ ਖਾਲਸੇ ਨੂੰ ਚੜ੍ਹਦੀ ਕਲਾ ਦੇ ਬੋਲ-ਬੁਲਾਰੇ ਵੀ ਦਿਤੇ। ਕੁਝ ਬੋਲੇ ਧਿਆਨ ਯੋਗ ਹਨ - ਵਾਹਿਗੁਰੂ ਜੀ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਇਕ ਨੂੰ ਸਵਾ ਲੱਖ ਕਹਿਣਾ - (ਸਵਾ ਲਾਖ ਸੇ ਏਕ ਲੜਾਊ) ਮੌਤ ਨੂੰ ਚੜ੍ਹਾਈ ਕਰਨਾ ਕਿਹਾ, ਤੇਗ ਨੂੰ ਦੇਗਾਂ, ਪੱਗ ਨੂੰ ਦਸਤਾਰਾ, ਦਾੜ੍ਹੀ ਨੂੰ ਦਾੜ੍ਹਾ, ਇਸੇ ਤਰ੍ਹਾਂ ਹੋਲੀ ਨੂੰ 'ਹੋਲਾ ਮਹੱਲਾ' ਖਾਲਸੇ ਦੀ ਚੜ੍ਹਦੀ ਕਲਾ ਅਤੇ ਵਿਲੱਖਣਤਾ ਦਾ ਚਿੰਨ੍ਹ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ -

ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ,
ਛਲਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੋਨਾ ਟੋਲਾ ਹੈ,
ਸੁਭਟ ਸੁਚਾਲਾ ਅਰੁ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ,
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।

ਕਵਿ ਨਿਹਾਲ ਸਿੰਘ, ਮਹਾਨ ਕੋਸ਼, ਪੰਨਾ ੨੯੩

ਚੜ੍ਹਦੀ ਕਲਾ ਦੀ ਇਸ ਪਰੰਪਰਾ ਨੂੰ ਨਿਰੰਤਰ ਜਾਰੀ ਰੱਖਣ ਲਈ ਅੱਜ ਵੀ ਖਾਲਸਾ ਸ੍ਰੀ ਅਨੰਦਪੁਰ ਸਾਹਿਬ 'ਹੋਲਾ ਮਹੱਲਾ' ਮਨਾਉਣ ਲਈ ਵੱਡੀ ਗਿਣਤੀ ਵਿਚ ਇਕੱਤ੍ਰ ਹੁੰਦਾ ਹੈ। ਵੱਡੇ ਦੀਵਾਨ ਸਜਦੇ ਹਨ। ਅਨੇਕਾਂ ਗਤਕਾ ਪਾਰਟੀਆਂ, ਦੁਮਾਲੇ ਸਜਾਏ ਸ਼ਸਤਰਾਂ ਬਸਤਰਾਂ ਵਿਚ ਸਜੇ ਹੋਏ ਨਿਹੰਗ ਸਿੰਘਾਂ ਦੇ ਜੱਥੇ, ਘੋੜਿਆਂ ਹਾਥੀਆਂ ਤੇ ਸਵਾਰ ਖਾਲਸਾ ਫੌਜ ਜਦੋਂ ਹੋਲੇ ਦੇ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੁੰਦੀ ਹੈ ਤਾਂ ਖਾਲਸੇ ਦੀ ਸ਼ਾਨ ਜਲੌ ਤੇ ਸੂਰਬੀਰਤਾ ਦੇ ਕਰਤੱਵ ਵੇਖ ਕੇ, 'ਖਾਲਸਾ ਮੇਰੋ ਰੂਪ ਹੈ ਖਾਸ' ਦਾ ਵਰਦਾਨ ਪ੍ਰਤੱਖ ਦ੍ਰਿਸ਼ਮਾਨ ਹੁੰਦਾ ਹੈ। ਸ਼ਸਤਰਾਂ ਬਸਤਰਾਂ ਨਾਲ ਸਜਿਆ ਇਹ ਹੋਲਾ ਮਹੱਲਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪ੍ਰਾਰੰਭ ਹੁੰਦਾ ਹੈ, ਕਿਲਾ ਅਨੰਦਗੜ੍ਹ ਸਾਹਿਬ ਹੁੰਦਾ ਹੋਇਆ, ਕਿਲਾ ਹੋਲਗੜ੍ਹ ਸਾਹਿਬ ਸੰਪੰਨ ਹੁੰਦਾ ਹੈ। ਇਸ ਦੌਰਾਨ ਅਸਤਰਾਂ-ਸ਼ਸਤਰਾਂ ਦੇ ਤਰ੍ਹਾਂ-ਤਰ੍ਹਾਂ ਦੇ ਕਰਤਬ ਵਿਖਾਏ ਜਾਂਦੇ ਹਨ। ਸਿੰਘਾਂ ਦੀ ਘੋੜ ਦੋੜ, ਗਤਕਾਬਾਜ਼ੀ, ਨੇਜ਼ਾਬਾਜ਼ੀ, ਤੀਰ-ਅੰਦਾਜ਼ੀ ਆਦਿ ਦੇ ਨਜ਼ਾਰੇ ਸੂਰਬੀਰਤਾ ਦੇ ਮਹਾਨ ਦ੍ਰਿਸ਼ ਪੇਸ਼ ਕਰਦੇ ਹਨ। ਨਿਹੰਗ, ਖਾਲਸਾ ਫੌਜ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਮਸਨੂਈ ਲੜਾਈ ਰਚਦੇ ਹਨ ਅਤੇ ਜੇਤੂ ਦਲ ਨੂੰ ਸਿਰੋਪਾਏ ਦੇ ਕੇ ਸਨਮਾਨਿਆ ਜਾਂਦਾ ਹੈ। ਇਸ ਮਹੱਲੇ ਤੇ ਗੁਲਾਲ ਅਤੇ ਕਸਤੂਰੀ ਆਦਿ ਦੀ ਫੁਹਾਰ ਕੀਤੀ ਜਾਂਦੀ ਹੈ, ਆਈ ਸੰਗਤ ਦੇ ਵੀ ਬਸਤਰ ਲਾਲ ਰੰਗਾਂ ਨਾਲ ਗੜੁਚ ਹੋਏ ਦਿਸਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਅਤੇ ਸ੍ਰੀ ਹਜ਼ੂਰ ਸਾਹਿਬ ਦਾ ਹੋਲਾ ਮਹੱਲਾ ਯਾਦਗਾਰੀ ਨਜ਼ਾਰੇ ਪੇਸ਼ ਕਰਦੇ ਹਨ। ਲੋੜ ਹੈ ਕਿ ਇਸ ਪਰੰਪਰਾ ਨੂੰ ਸਮੁੱਚਾ ਖਾਲਸਾ ਪੰਥ ਸਮੁੱਚੇ ਭਾਰਤ ਵਿਚ, ਪ੍ਰਦੇਸਾਂ ਵਿਚ, ਹਰ ਰਾਜ ਵਿਚ, ਹਰ ਸ਼ਹਿਰ ਤੇ ਕਸਬੇ ਵਿਚ, ਜਿਥੇ-ਜਿਥੇ ਗੁਰਦਵਾਰਾ ਸਾਹਿਬ ਸਥਾਪਨ ਹਨ, ਹੋਲਾ-ਮਹੱਲਾ ਆਨ-ਸ਼ਾਨ ਨਾਲ ਮਨਾਇਆ ਜਾਵੇ ਅਤੇ ਨੌਜਵਾਨਾਂ ਨੂੰ ਗਤਕੇ ਸ਼ਸਤਰਾਂ ਦੀ ਸਿੱਖਿਆ ਦਿਤੀ ਜਾਵੇ। ਹਰ ਗੁਰਦੁਆਰਾ ਸਾਹਿਬ, ਸਕੂਲ, ਕਾਲਜ ਯੂਨੀਵਰਸਿਟੀਆਂ ਵਿਚ ਵੀ ਸਿਖਲਾਈ ਦੇਣ ਦੇ ਪ੍ਰਬੰਧ ਕੀਤੇ ਜਾਣ ਅਤੇ 'ਹੋਲਾ ਮਹੱਲਾ' ਦੇ ਦਿਨ ਵਿਸ਼ੇਸ਼ ਤੌਰ 'ਤੇ ਇਨ੍ਹਾਂ ਦੀਆਂ ਟੀਮਾਂ ਬਣਾ ਕੇ ਮੁਕਾਬਲੇ ਕਰਵਾਏ ਜਾਣ ਅਤੇ ਇਨਾਮ ਦਿਤੇ ਜਾਣ। ਸਿਖੀ ਦਾ ਸੰਤ-ਸਿਪਾਹੀ ਸਰੂਪ ਕਾਇਮ ਰਖਣਾ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹਰ ਮੈਂਬਰ ਨੂੰ ਆਪਣੇ-ਆਪਣੇ ਇਲਾਕੇ ਦੀਆਂ ਸੰਸਥਾਵਾਂ ਵਿਚ ਸੁਚੱਜੇ ਤੇ ਵਧੀਆ ਢੰਗ ਨਾਲ ਹੋਲੇ-ਮਹੱਲੇ ਨੂੰ ਸਿੱਖੀ-ਸ਼ਾਨ ਨਾਲ ਮਨਾਉਣ ਦਾ ਹੀਲਾ ਕਰਨਾ ਚਾਹੀਦਾ ਹੈ।

◆◆◆◆◆◆◆

# ਸੇਵਾ

ਪ੍ਰੋ. ਪ੍ਰੀਤਮ ਸਿੰਘ, ਐਮ.ਏ.

## ਸਿੱਖ ਆਦਰਸ਼ –

ਸਿੱਖ ਸੇਵਾਦਾਰ ਹੈ ਅਤੇ ਸਿੱਖ ਸੇਵਾ ਦਾ ਨਾਂ ਹੈ। ਦੂਸਰਿਆਂ ਦੀ ਸੇਵਾ ਕਰਨੀ ਸਿੱਖ ਦਾ ਇਕ ਜ਼ਰੂਰੀ ਫ਼ਰਜ਼ ਹੈ। ਗੁਰਮਤ ਅਨੁਸਾਰ ਮਨੁੱਖਤਾ ਦੀ ਸੇਵਾ ਪਰਮਾਤਮਾ ਦੀ ਸੇਵਾ ਹੈ। ਇਹ ਸੇਵਾ ਮੁਕਤੀ ਦਾ ਇਕ ਸਾਧਨ ਹੈ।

## ਸੇਵਾ ਕੀ ਹੁੰਦੀ ਹੈ ?

ਕਿਸੇ ਵਿਅਕਤੀ ਦੇ ਉਸ ਕੰਮ ਨੂੰ ਸੇਵਾ ਕਹਿੰਦੇ ਹਨ, ਜੋ ਕਿਸੇ ਹੋਰ ਦੇ ਲਾਭ ਲਈ ਕੀਤਾ ਜਾਵੇ। ਸੇਵਾ ਸਮਾਜ ਲਈ ਜ਼ਰੂਰੀ ਹੋ ਜਾਂਦੀ ਹੈ, ਕਿਉਂਕਿ ਹਰ ਇਕ ਆਦਮੀ ਸ੍ਵੈ-ਪੂਰਨ ਨਹੀਂ ਹੁੰਦਾ ਅਤੇ ਸਾਰੇ ਕੰਮ ਨਹੀਂ ਕਰ ਸਕਦਾ। ਇਸ ਲਈ ਹਰ ਆਦਮੀ ਨੂੰ ਦੂਸਰਿਆਂ ਦੀ ਲੋੜ ਪੈਂਦੀ ਹੈ। ਇਹ ਕਿਸੇ ਵਿਸ਼ੇਸ਼ ਗਰੁੱਪ ਦੀ ਵੀ ਹੋ ਸਕਦੀ ਹੈ ਅਤੇ ਬਗੈਰ ਕਿਸੇ ਭਿੰਨ-ਭੇਦ ਦੇ ਸਾਰੀ ਮਨੁੱਖਤਾ ਦੀ ਵੀ। ਵਿਸ਼ੇਸ਼ ਗਰੁੱਪ ਨਾਲੋਂ ਸਾਰੀ ਲੋਕਾਈ ਦੀ ਸੇਵਾ ਵਧੇਰੇ ਚੰਗੀ ਸਮਝੀ ਜਾਂਦੀ ਹੈ।

ਇਨਸਾਨ ਦੇ ਸੁਭਾਵ ਵਿੱਚ ਦੋ ਖੂਬੀਆਂ ਪਾਈਆਂ ਜਾਂਦੀਆਂ ਹਨ - ਇਕ ਹਉਮੈ (Self assertion) ਅਤੇ ਦੂਸਰਾ ਕੁਰਬਾਨੀ ਜਾਂ ਸੇਵਾ ਦਾ ਜਜ਼ਬਾ। ਹਰ ਇਨਸਾਨ ਵਿੱਚ ਇਨ੍ਹਾਂ ਦੋਹਾਂ ਦਾ ਇਕ ਖ਼ਾਸ ਮੇਲ ਹੁੰਦਾ ਹੈ। ਕਿਸੇ ਵਿੱਚ ਕੋਈ ਬਹੁਤੀ ਹੁੰਦੀ ਹੈ ਅਤੇ ਕਿਸੇ ਵਿੱਚ ਕੋਈ। ਇਹਨਾਂ ਦੋਹਾਂ ਦਾ ਹੋਣਾ ਜ਼ਰੂਰੀ ਹੈ। ਹਉਮੈ ਕੰਮ ਕਰਨ ਲਈ ਜ਼ਰੂਰੀ ਹੈ ਅਤੇ ਸੇਵਾ ਸਮਾਜ ਬਨਾਉਣ ਲਈ। ਜੇ ਹਉਮੈ ਨਾ ਹੋਵੇ ਤਾਂ ਆਦਮੀ ਕੋਈ ਕੰਮ ਨਹੀਂ ਕਰਦਾ, ਦੁਨੀਆਂ ਨਹੀਂ ਚਲਦੀ। ਇਹ ਹਉਮੈ ਕਈ ਪਰਕਾਰ ਦੀ ਹੁੰਦੀ ਹੈ, ਜਿਸ ਤਰ੍ਹਾਂ ਕਿ ਦੌਲਤ ਦੀ ਹਉਮੈ, ਰੂਪ ਦੀ ਹਉਮੈ, ਵਿਦਿਆ ਦੀ ਹਉਮੈ, ਜ਼ਾਤ-ਪਾਤ ਦੀ ਹਉਮੈ, ਧਾਰਮਕ ਹਉਮੈ ਅਤੇ ਰਾਜਨੀਤਕ ਹਉਮੈ। ਇਹ ਹਉਮੈ ਇਨਸਾਨ ਵਿੱਚ ਖੁਦਗਰਜ਼ੀ ਪੈਦਾ ਕਰਦੀ ਹੈ, ਜਿਸ ਕਰਕੇ ਇਨਸਾਨ ਘਟੀਆ ਕੰਮ ਕਰਦਾ ਹੈ। ਇਹ ਹਉਮੈ ਚੰਗੇ ਸਮਾਜ ਦੀ ਸਥਾਪਤੀ ਦੇ ਰਸਤੇ ਵਿੱਚ ਇਕ ਰੁਕਾਵਟ ਬਣ ਜਾਂਦੀ ਹੈ।

ਧਾਰਮਕ ਹਉਮੈ ਬੜੀ ਖ਼ਤਰਨਾਕ ਹੁੰਦੀ ਹੈ। ਇਸ ਵਿੱਚ ਪੈ ਕੇ ਮਨੁੱਖ ਆਪਣੀ ਸ਼ਰੀਅਤ ਨੂੰ ਸਲਾਹੁੰਦਾ ਹੈ ਅਤੇ ਦੂਜਿਆਂ ਦੀ ਸ਼ਰੀਅਤ ਨੂੰ ਨਿੰਦਦਾ ਹੈ। ਫਿਰ ਤਲਵਾਰ ਦੇ ਜ਼ੋਰ ਨਾਲ ਆਪਣੀ ਸ਼ਰੀਅਤ ਦੂਜਿਆਂ ਉਤੇ ਠੋਸਣਾ ਚਾਹੁੰਦਾ ਹੈ। ਮੁਸਲਮਾਨਾਂ ਨੇ ਦੁਨੀਆਂ ਦੇ ਇਤਿਹਾਸ ਵਿੱਚ ਇਹ ਕੰਮ ਬੜੇ ਫ਼ਖ਼ਰ ਨਾਲ ਕੀਤਾ ਹੈ। ਇਸ ਹਉਮੈ ਵਾਲਾ ਮਨੁੱਖ ਵੱਡੇ-ਵੱਡੇ ਅਪਰਾਧ ਕਰਦਾ ਹੈ ਪਰ ਉਸ ਨੂੰ ਪਤਾ ਨਹੀਂ ਹੁੰਦਾ ਕਿ ਉਹ ਅਪਰਾਧ ਕਰ ਰਿਹਾ ਹੈ। ਧਰਮ ਦੇ ਨਾਂ ਤੇ ਜੋ ਪਾਪ ਲੋਕਾਂ ਨੇ ਆਪਣੇ ਮਨੁੱਖ ਭਰਾਵਾਂ ਨਾਲ ਕੀਤੇ ਹਨ, ਉਹਨਾਂ ਨਾਲ ਇਤਿਹਾਸ ਦੇ ਪੱਤਰੇ ਕਾਲੇ ਸਿਆਹ ਹੋ ਚੁੱਕੇ ਹਨ -

ਪਾਪ ਕਰੋ ਪਰਮਾਰਥ ਕੈ, ਜਿਹ ਪਾਪਨ ਤੇ ਅਤਿ ਪਾਪ ਲਜਾਹੀ ॥ ...੯੯ ॥
(ਦਸਮ ਗ੍ਰੰਥ, ਬਚਿੱਤ੍ਰ ਨਾਟਕ, ਅਧਿ. ੧, ਪੰਨਾ ੪੬)

ਰਾਜਨੀਤਕ ਹਉਮੈ ਧਾਰਮਕ ਹਉਮੈ ਨਾਲੋਂ ਵੀ ਵਧੇਰੇ ਖਤਰਨਾਕ ਹੈ। ਇਹ ਇਕ ਐਸੀ ਸਮੱਸਿਆ ਬਣ ਚੁੱਕੀ ਹੈ ਜਿਸ ਦਾ ਕੋਈ ਇਲਾਜ ਨਹੀਂ ਲੱਭਦਾ। ਰਾਜਸੀ ਤਾਕਤ ਦੀ ਹਵਸ਼ ਇਕ ਜਿਸਮਾਨੀ ਐਬ ਨਹੀਂ, ਇਸ ਲਈ ਇਹ ਹਵਸ਼ ਦੂਸਰੀਆਂ ਖਾਹਸ਼ਾਂ ਵਾਂਗ ਸੀਮਤ ਨਹੀਂ ਹੁੰਦੀ। ਆਦਮੀ ਦੇ ਕਮਜ਼ੋਰ ਅਤੇ ਬੁੱਢੇ ਹੋਣ ਨਾਲ ਦੂਸਰੀਆਂ ਜਿਸਮਾਨੀ ਖਾਹਸ਼ਾਂ ਵਿੱਚ ਆਪਣੇ ਆਪ ਕਮੀ ਆ ਜਾਂਦੀ ਹੈ ਪਰ ਰਾਜਸੀ ਤਾਕਤ ਦੀ ਹਵਸ਼ ਵਿੱਚ ਇਹ ਗੱਲ ਨਹੀਂ ਹੁੰਦੀ। ਇਸ ਹਵਸ਼ ਦੀ ਰੋਕ ਲਈ ਕਿਸੇ ਮੁਕਾਬਲੇ ਦੀ, ਤਾਕਤ ਦੀ ਲੋੜ ਹੁੰਦੀ ਹੈ। ਰਾਜਸੀ ਤਾਕਤ ਰੱਖਣ ਵਾਲਾ ਆਦਮੀ ਤਦ ਚੰਗਾ ਹੋ ਸਕਦਾ ਹੈ, ਜੇ ਉਹ ਦੋ ਸ਼ਰਤਾਂ ਪੂਰੀਆਂ ਕਰੇ :-

(੧) ਉਹ ਆਪਣੇ ਨਿੱਜੀ ਹਿੱਤਾਂ ਨੂੰ ਬਿਲਕੁਲ ਛੱਡ ਦੇਵੇ ਜਿਸ ਤੋਂ ਬਿਨਾਂ ਮਨੁੱਖ ਅਤੇ ਰੱਬ ਨਾਲ ਪਿਆਰ ਨਹੀਂ ਹੋ ਸਕਦਾ।

(੨) ਦੂਸਰੀ ਸ਼ਰਤ ਇਹ ਹੈ ਕਿ ਉਸ ਨੂੰ ਰਾਜਸੀ ਅਧਿਕਾਰਾਂ ਦੇ ਨਾਲ ਆਤਮਕ ਅਧਿਕਾਰ ਨਾ ਮਿਲ ਜਾਣ। ਜੇ ਇਹ ਦੋਨੋਂ ਮਿਲ ਜਾਣ ਤਾਂ ਸਮਾਜ ਦੀ ਤਬਾਹੀ ਆ ਜਾਂਦੀ ਹੈ। ਆਤਮਕ ਅਧਿਕਾਰ ਸਿਰਫ ਉਹਨਾਂ ਨੂੰ ਮਿਲਣੇ ਚਾਹੀਦੇ ਹਨ, ਜਿਹਨਾਂ ਨੇ ਆਪਾ ਮਾਰ ਲਿਆ ਹੋਵੇ। ਇਹ ਅਧਿਕਾਰ ਸਿਰਫ ਰਿਸ਼ੀਆਂ, ਨਬੀਆਂ ਨੂੰ ਹੀ ਮਿਲਣੇ ਚਾਹੀਦੇ ਹਨ।

ਇਹ ਹਉਮੈ ਇਕ ਦੀਰਘ ਰੋਗ ਹੈ। ਇਸ ਦਾ ਇਲਾਜ ਸੇਵਾ ਹੈ। ਇਸ ਉਤੇ ਰੋਕ ਸੇਵਾ ਦੀ ਹੋਣੀ ਚਾਹੀਦੀ ਹੈ। ਸੱਚੀ ਸੇਵਾ ਸੰਤੋਖੀ ਲੋਕ ਹੀ ਕਰ ਸਕਦੇ ਹਨ, ਜੋ ਸੱਚ ਨੂੰ ਹਮੇਸ਼ਾਂ ਸਾਹਮਣੇ ਰੱਖਦੇ ਹਨ :-

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਉਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥ (ਆਸਾ ਦੀ ਵਾਰ, ਪੰਨਾ ੪੬੬-੬੭)

## ਸੇਵਾ ਦਾ ਇਤਿਹਾਸ –

ਪ੍ਰਾਚੀਨ ਸਮਿਆਂ ਵਿੱਚ ਸੇਵਾ ਦਾ ਜਜ਼ਬਾ ਅੱਜ ਨਾਲੋਂ ਵਧੇਰੇ ਸੀ । ਸੱਭਿਅਤਾ ਦੀ ਉੱਨਤੀ ਨੇ ਇਸ ਜਜ਼ਬੇ ਨੂੰ ਘਟਾਇਆ ਹੈ ਵਧਾਇਆ ਨਹੀਂ । ਸ਼ਾਇਦ ਇਹ ਭੌਤਕ ਅਵੱਸ਼ਕਤਾ ਸੀ, ਜਿਸ ਕਰਕੇ ਉਸ ਸਮੇਂ ਮਨੁੱਖ ਨੂੰ ਸੇਵਾਦਾਰ ਬਣਨਾ ਪੈਂਦਾ ਸੀ । ਅੱਜ-ਕਲ੍ਹ ਉਤਨੀ ਲੋੜ ਮਹਿਸੂਸ ਨਹੀਂ ਹੁੰਦੀ । ਸਮਾਜਕ ਤੇ ਆਰਥਕ ਢਾਂਚੇ ਵਿੱਚ ਐਸੀ ਉੱਨਤੀ ਹੋ ਗਈ ਹੈ ਜਿਸ ਕਰਕੇ ਹਰ ਆਦਮੀ ਦੂਸਰੇ ਦੀ ਸਹਾਇਤਾ ਤੋਂ ਬਿਨਾਂ ਚੰਗਾ ਮਾੜਾ ਜੀਵਨ ਬਤੀਤ ਕਰਨ ਦੀ ਸ਼ਕਤੀ ਰੱਖਦਾ ਹੈ । ਉਹਨਾਂ ਪ੍ਰਾਚੀਨ ਸਮਿਆਂ ਵਿੱਚ ਸਾਮਵਾਦ (Communism) ਪ੍ਰਚੱਲਤ ਸੀ । ਇਹ ਸਾਮਵਾਦ ਅੱਜ ਦੇ ਸਾਮਵਾਦ ਨਾਲੋਂ ਛੋਟੇ ਮਾਪ ਤੇ ਸੀ ਅਤੇ ਕੁਝ ਵੱਖਰਾ ਸੀ । ਇਸ ਵਿੱਚ ਇਕ ਗਰੁੱਪ ਦੇ ਆਦਮੀ ਆਪਣੀ-ਆਪਣੀ ਸ਼ਕਤੀ ਦੇ ਮੁਤਾਬਕ ਕੰਮ ਕਰਦੇ ਸਨ ਅਤੇ ਵੰਡ ਕੇ ਖਾਂਦੇ ਸਨ । ਹਰ ਆਦਮੀ ਸਾਰਿਆਂ ਲਈ ਜੀਉਂਦਾ ਸੀ ਅਤੇ ਸਾਰੇ ਹਰ-ਇਕ ਲਈ ਜੀਉਂਦੇ ਸਨ । ਇਸ ਲਈ ਸੇਵਾ ਦੀ ਭਾਵਨਾ ਉਸ ਸਮੇਂ ਵਿੱਚ ਜ਼ਿਆਦਾ ਵੇਖਣ ਵਿੱਚ ਆਉਂਦੀ ਸੀ ।

ਸਭਿਅਤਾ ਦੀ ਉੱਨਤੀ ਨਾਲ ਨਿੱਜੀ ਜਾਇਦਾਦ ਹੋਂਦ ਵਿੱਚ ਆਈ । ਜਿਸ ਨੇ ਨਿੱਜੀ ਸੁਆਰਥ ਵਿੱਚ ਵਾਧਾ ਕੀਤਾ । ਜਿਤਨਾ ਨਿਜੀ ਸੁਆਰਥ ਵਧਦਾ ਗਿਆ, ਸੇਵਾ ਭਾਵਨਾ ਘਟਦੀ ਚਲੀ ਗਈ । ਦੁਨੀਆਂ ਵਿੱਚ ਕਈ ਪ੍ਰਣਾਲੀਆਂ ਹੋਂਦ ਵਿੱਚ ਆਈਆਂ, ਜਿਸ ਤਰ੍ਹਾਂ ਕਿ ਗੁਲਾਮ ਪ੍ਰਣਾਲੀ (Slave System) ਜਾਗੀਰਦਾਰੀ ਅਤੇ ਸਰਮਾਏ ਦਾਰੀ । ਹਰ-ਇਕ ਪ੍ਰਣਾਲੀ ਵਿੱਚ ਵਿਅਕਤੀਵਾਦ (Individualism) ਦਾ ਹੀ ਜ਼ੋਰ ਸੀ । ਇਹ ਵਧਦਾ ਹੀ ਚਲਾ ਗਿਆ । ਪੱਛਮ ਵਿੱਚ ਈਸਾਈ ਮੱਤ ਨੇ ਭਰਾਤਰੀ ਭਾਵ ਦਾ ਪਰਚਾਰ ਕੀਤਾ ਅਤੇ ਸੇਵਾ-ਭਾਵਨਾ ਵਧੀ, ਪਰ Reformation ਅਤੇ Renaissance ਨੇ ਈਸਾਈ ਮੱਤ ਤੋਂ ਲੋਕਾਂ ਨੂੰ ਦੂਰ ਕਰ ਦਿੱਤਾ । ਈਸਾਈ ਮੱਤ ਨੇ ਭਰਾਤਰੀ ਭਾਵ ਦਾ ਸੰਬੰਧ ਰੱਬ ਨੂੰ ਇਕ ਪਿਤਾ ਸਮਝਣ ਨਾਲ ਰੱਖਿਆ ਸੀ ਪਰ ਆਧੁਨਿਕਵਾਦ ਨੇ ਇਸ ਗੱਲ ਨੂੰ ਨਾ ਮੰਨਿਆ।

ਆਧੁਨਿਕਵਾਦ ਆਉਣ ਨਾਲ ਸਾਰੇ ਯੂਰਪ ਵਿੱਚ ਵਿਅਕਤੀਵਾਦ (Individualism) ਦਾ ਬੋਲ-ਬਾਲਾ ਹੋ ਗਿਆ । ਇਸ ਅਨੁਸਾਰ ਹਰ ਆਦਮੀ ਲਈ ਜਾਇਜ਼ ਹੈ ਕਿ ਉਹ ਆਪਣੇ ਨਿਜੀ ਹਿੱਤਾਂ ਨੂੰ ਹਮੇਸ਼ਾਂ ਮੁੱਖ ਰੱਖੇ । ਇਸ ਵਿੱਚ ਸਮਾਜ ਦੀ ਬੇਹਤਰੀ ਸਮਝੀ ਗਈ । ਇਹ ਸਮਝ ਲਿਆ ਕਿ ਹਰ ਆਦਮੀ ਆਪਣੇ ਹਿੱਤਾਂ ਨੂੰ ਦੂਸਰਿਆਂ ਨਾਲੋਂ ਠੀਕ ਸਮਝਦਾ ਹੈ ਅਤੇ ਜਾਣਦਾ ਹੈ। ਜਦੋਂ ਸਾਰੇ ਆਦਮੀ ਇਸ ਤਰ੍ਹਾਂ ਕਰਨਗੇ ਤਾਂ ਇਸ ਦਾ ਸਮੁੱਚਾ ਅਸਰ ਸਮਾਜ ਉਤੇ ਚੰਗਾ ਪਏਗਾ ਅਤੇ ਸਮਾਜ ਉੱਨਤੀ ਕਰੇਗਾ। ਕਿਸੇ ਸਦਾਚਾਰ ਦੀ ਲੋੜ ਨਹੀਂ ਅਤੇ ਕਿਸੇ ਸਰਕਾਰ ਦੀ ਲੋੜ ਨਹੀਂ । ਸਰਕਾਰ ਨੂੰ ਇਕ ਜ਼ਰੂਰੀ ਬੁਰਾਈ ਸਮਝਿਆ ਗਿਆ ਤਾਂ ਜੋ ਦੇਸ਼ ਵਿੱਚ ਅਮਨ ਕਾਇਮ ਰਹੇ ਅਤੇ ਦੇਸ਼ ਨੂੰ ਬਾਹਰਲੇ ਹਮਲਾਵਰਾਂ ਤੋਂ ਬਚਾਇਆ ਜਾ ਸਕੇ । ਤਕੜੇ ਆਦਮੀ ਬੇਸ਼ੱਕ ਮਾੜਿਆਂ ਨੂੰ ਖਾਈ ਜਾਣ । ਕੁਦਰਤ ਵਿੱਚ ਜੀਵਨ ਸੰਗਰਾਮ (Struggle for existence) ਹਰ ਵੇਲੇ ਜਾਰੀ ਰਹਿੰਦਾ ਹੈ ਅਤੇ ਇਹ ਸੰਗਰਾਮ ਬੰਦਿਆਂ ਵਿੱਚ ਵੀ ਹੋਣਾ ਚਾਹੀਦਾ ਹੈ । ਐਸੇ ਵਿਅਕਤੀਵਾਦ ਵਿੱਚ ਸੇਵਾ ਲਈ ਕੋਈ ਥਾਂ ਨਹੀਂ । ਸਮਾਜ ਕਾਇਮ ਰੱਖਣ ਲਈ ਕੁਝ ਕਾਨੂੰਨ ਬਣਾਉਣੇ ਪੈਂਦੇ ਹਨ, ਪਰ ਉਹ ਵਿਅਕਤੀਵਾਦ ਵਿੱਚ ਥੋੜ੍ਹੇ ਤੋਂ ਥੋੜ੍ਹੇ ਹੁੰਦੇ ਹਨ । ਇਨ੍ਹਾਂ ਨਿਯਮਾਂ ਪਿੱਛੇ ਧਾਰਮਕ ਪ੍ਰਵਾਨਗੀ ਨਹੀਂ ਹੁੰਦੀ । ਹੌਲੀ-ਹੌਲੀ ਇਹ ਮਹਿਸੂਸ ਕੀਤਾ ਗਿਆ ਕਿ

ਖੁਦਗਰਜ਼ੀ ਉਤੇ ਕੋਈ ਰੋਕਾਂ ਲਾਣੀਆਂ ਚਾਹੀਦੀਆਂ ਹਨ, ਪਰ ਇਹ ਧਾਰਮਕ ਨਾ ਹੋਣ। ਇਸ ਘਾਟ ਨੂੰ ਪੂਰਾ ਕਰਨ ਲਈ ਆਧੁਨਿਕ ਸਭਿਅਤਾ ਨੇ ਦੋ ਨਵੇਂ ਵਾਦ ਦੁਨੀਆਂ ਨੂੰ ਦਿੱਤੇ, ਇਕ Rationalistic Humanitarianism ਅਤੇ ਦੂਜਾ Social Ultitarianism ਪਰ ਇਹ ਦੋਨੋਂ ਨਾ ਸੇਵਾ ਭਾਵ ਪੈਦਾ ਕਰ ਸਕੇ ਹਨ ਅਤੇ ਨਾ ਹੀ ਇਨਸਾਨ ਦੀਆਂ ਸੁਆਰਥੀ ਭਾਵਨਾਵਾਂ ਨੂੰ ਠੀਕ ਸਾਬਤ ਕਰ ਸਕੇ ਹਨ। ਅਸਲ ਵਿੱਚ ਸੇਵਾ ਦਾ ਅਧਾਰ ਧਾਰਮਕ ਹੋਣਾ ਜ਼ਰੂਰੀ ਹੈ। ਬਗੈਰ ਧਾਰਮਕ ਪ੍ਰਵਾਨਗੀ ਦੇ ਸੇਵਾ-ਭਾਵ ਤੇ ਚੰਗਾ ਸਮਾਜ ਪੈਦਾ ਨਹੀਂ ਹੋ ਸਕਦਾ।

ਸਾਮਵਾਦ (Communism) ਵਿਅਕਤੀਵਾਦ ਦਾ ਪ੍ਰਤਿਕਰਮ ਹੈ। ਇਸ ਨੇ ਵਿਅਕਤੀਵਾਦ ਦਾ ਨੁਕਸ ਦੂਰ ਕਰਨ ਦਾ ਯਤਨ ਕੀਤਾ ਹੈ, ਪਰ ਪਦਾਰਥਵਾਦੀ ਪੱਧਰ ਉਤੇ। ਧਰਮ ਨਾਲੋਂ ਇਖ਼ਲਾਕ ਦਾ ਸਭ ਸੰਬੰਧ ਤੋੜ ਲਿਆ ਗਿਆ ਹੈ। ਸਾਮਵਾਦ ਦਾ ਆਦਰਸ਼ ਇਹ ਹੈ ਕਿ ਕੰਮ ਆਪਣੀ ਸਮਰੱਥਾ ਅਨੁਸਾਰ ਕਰੋ ਅਤੇ ਲੋੜ ਅਨੁਸਾਰ ਕੌਮੀ ਦੌਲਤ ਦਾ ਹਿੱਸਾ ਪਾਓ। ਪਰ ਇਹ ਆਦਰਸ਼ ਨਾ ਰੂਸ ਵਿੱਚ ਅਤੇ ਨਾ ਕਿਸੇ ਹੋਰ ਦੇਸ਼ ਵਿੱਚ ਪੂਰਾ ਹੋ ਸਕਿਆ ਹੈ। ਕਿਰਤ ਕਰਨ ਲਈ ਸਭ ਨੂੰ ਮਜਬੂਰ ਕੀਤਾ ਜਾਂਦਾ ਹੈ, ਕੋਈ ਆਦਮੀ ਆਪਣਾ ਨਿੱਜੀ ਸੁਆਰਥ ਆਪਣੀ ਮਰਜ਼ੀ ਨਾਲ ਨਹੀਂ ਛੱਡ ਰਿਹਾ , ਬਲਕਿ ਸਰਕਾਰੀ ਕਾਨੂੰਨ ਜਾਂ ਡੰਡੇ ਰਾਹੀਂ ਛੁਡਾਇਆ ਜਾਂਦਾ ਹੈ। ਰੂਸ ਵਿੱਚ ਹਉਮੈ ਨੇ ਸ਼ਕਲ ਬਦਲ ਲਈ ਹੈ।ਦੌਲਤ ਦੀ ਹਉਮੈ ਦੀ ਥਾਂ ਰਾਜਸੀ ਹਉਮੈ ਨੇ ਸ਼ਕਲ ਬਦਲ ਲਈ ਹੈ। ਦੌਲਤ ਦੀ ਹਉਮੈ ਦੀ ਥਾਂ ਰਾਜਸੀ ਹਉਮੈ ਨੇ ਮੱਲ ਲਈ ਹੈ। ਰਾਜਸੀ ਤਾਕਤ ਦੁਸ਼ਮਣਾਂ ਨੂੰ ਗੋਲੀਆਂ ਨਾਲ ਉਡਾ ਕੇ ਹਾਸਲ ਕੀਤੀ ਜਾਂਦੀ ਹੈ। ਸੇਵਾ ਦੀ ਭਾਵਨਾ ਕਿਤੇ ਵੀ ਨਹੀਂ ਦਿੱਸਦੀ।

## ਗੁਰਮਤ ਤੇ ਸੇਵਾ-

ਸੇਵਾ ਸਿੱਖ ਧਰਮ ਦਾ ਜ਼ਰੂਰੀ ਅੰਗ ਹੈ। ਗੁਰਮਤ ਨੇ ਸੇਵਾ ਤੇ ਬਹੁਤ ਜ਼ੋਰ ਦਿੱਤਾ ਹੈ। ਭਾਰਤ ਦੇ ਇਤਿਹਾਸ ਵਿੱਚ ਇਹ ਇਕ ਅਨੋਖੀ ਚੀਜ਼ ਦਿੱਸਦੀ ਹੈ। ਬ੍ਰਾਹਮਣ ਮੱਤ ਵਿੱਚ ਸੇਵਾ ਲਈ ਕੋਈ ਥਾਂ ਨਹੀਂ ਸੀ। ਬ੍ਰਾਹਮਣ ਮੱਤ ਨੇ ਹਿੰਦੂ ਸਮਾਜ ਨੂੰ ਕਈਆਂ ਜ਼ਾਤਾਂ ਵਿੱਚ ਵੰਡ ਦਿੱਤਾ ਅਤੇ ਹਰ ਜ਼ਾਤ ਦੀ ਸਦਾਚਾਰਕ ਨਿਯਮਾਵਲੀ ਹੀ ਵੱਖਰੀ ਸੀ। ਸਾਰੀਆਂ ਜ਼ਾਤਾਂ ਲਈ ਸਦਾਚਾਰ ਦੇ ਨਿਯਮ ਇਕ ਨਹੀਂ ਸਨ। ਇਹ ਸਭ ਜ਼ਾਤਾਂ ਇਕ ਦੂਜੇ ਦੀਆਂ ਵਿਰੋਧੀ ਸਨ - ਇਸ ਲਈ ਸੇਵਾ ਤੇ ਭਰਾਤਰੀ ਭਾਵ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਬੁੱਧ ਮੱਤ ਨੇ ਜ਼ਾਤ-ਪਾਤ ਦੀ ਵੰਡ ਦੇ ਵਿਰੁੱਧ ਅਵਾਜ਼ ਉਠਾਈ ਅਤੇ ਮਨੁੱਖਤਾ ਦੀ ਸੇਵਾ ਦਾ ਪਰਚਾਰ ਕੀਤਾ ਪਰ ਜਦੋਂ ਬੁੱਧ ਮੱਤ ਭਾਰਤ ਵਿੱਚੋਂ ਬਾਹਰ ਚਲਾ ਗਿਆ ਅਤੇ ਬ੍ਰਾਹਮਣਾਂ ਦਾ ਫਿਰ ਜ਼ੋਰ ਹੋ ਗਿਆ ਤਾਂ ਸੇਵਾ ਦਾ ਭਾਵ ਫਿਰ ਖਤਮ ਹੋ ਗਿਆ। ਸਿੱਖ ਧਰਮ ਨੇ ਸੇਵਾ ਭਾਵ ਤੇ ਜ਼ੋਰ ਦਿੱਤਾ ਅਤੇ ਮਨੁੱਖਤਾ ਦੇ ਪਿਆਰ ਦਾ ਪ੍ਰਚਾਰ ਕੀਤਾ।

ਸੇਵਾ ਦੀਆਂ ਕਈ ਸ਼ਕਲਾਂ ਬਣ ਜਾਂਦੀਆਂ ਹਨ ਜਿਸ ਤਰ੍ਹਾਂ ਕਿ ਪਿਆਰ, ਦਾਨ, ਪਰਉਪਕਾਰ ਅਤੇ ਸਮਾਨਤਾ। ਸੇਵਾ ਓਥੇ ਹੀ ਹੋ ਸਕਦੀ ਹੈ ਜਿਥੇ ਸਮਾਜਕ ਸਮਾਨਤਾ ਹੋਵੇ ਤੇ ਪਿਆਰ ਦਾ ਜਜ਼ਬਾ ਕੰਮ ਕਰ ਰਿਹਾ ਹੋਵੇ। ਦਾਨ ਵੀ ਸੇਵਾ ਭਾਵਨਾ ਦਾ ਹੀ ਸਿੱਟਾ ਹੁੰਦਾ ਹੈ। ਸਿੱਖ ਧਰਮ ਵਿੱਚ ਸੇਵਾ ਦੇ ਦੋ ਮਤਲਬ ਲਏ ਜਾਂਦੇ ਹਨ: ਇਕ ਗੁਰੂ ਦੀ ਸੇਵਾ ਅਤੇ ਦੂਜਾ ਸੰਗਤ ਦੀ ਸੇਵਾ। ਗੁਰਮਤ ਅਨੁਸਾਰ ਗੁਰੂ ਅਤੇ ਸੰਗਤ ਵਿੱਚ ਕੋਈ ਭੇਦ ਨਹੀਂ ਹੈ। ਸੰਗਤ ਦੀ ਸੇਵਾ ਤੋਂ ਬਿਨਾਂ ਗੁਰੂ ਦੀ ਸੇਵਾ ਨਹੀਂ ਹੋ ਸਕਦੀ। ਗੁਰੂ ਅੰਗਦ ਦੇਵ ਜੀ ਦੇ ਸਮੇਂ ਗੁਰੂ ਦਰਬਾਰ ਵਿੱਚ ਇਕ ਸਿੱਖ ਭਾਈ ਮਾਹਣਾ ਜੀ ਸੀ। ਉਹ ਗੁਰੂ ਜੀ ਦੀ ਬਹੁਤ ਸੇਵਾ ਕਰਦਾ ਸੀ। ਹੌਲੀ-ਹੌਲੀ ਉਹ ਹੰਕਾਰੀ ਹੋ ਗਿਆ। ਉਹ ਕਹਿਣ ਲੱਗਾ ਕਿ ਮੈਂ ਨੀਵੇਂ ਸਿੱਖਾਂ ਦੀ ਸੇਵਾ ਨਹੀਂ ਕਰਨੀ, ਮੈ ਗੁਰੂ ਜੀ ਦੀ ਸੇਵਾ ਕਰਾਂਗਾ। ਗੁਰੂ ਜੀ ਨੇ ਉਸ ਸਿੱਖ ਨੂੰ ਸਮਝਾਇਆ ਕਿ ਗੁਰਮਤ ਵਿੱਚ ਸੰਗਤ ਦੀ ਸੇਵਾ ਗੁਰੂ ਦੀ ਸੇਵਾ ਦੇ ਬਰਾਬਰ ਹੈ। ਜਦੋਂ ਦਸਵੇਂ ਪਾਤਸ਼ਾਹ ਨੇ ਪੰਥ ਸਾਜਿਆ ਤਾਂ ਸੰਗਤ ਨੇ ਪੰਥ ਦੀ ਸ਼ਕਲ ਧਾਰਨ ਕਰ ਲਈ ਅਤੇ ਗੁਰੂ ਗ੍ਰੰਥ ਜੀ ਨੂੰ ਭਾਵ ਸ਼ਬਦ ਗੁਰੂ ਮੰਨ ਲਿਆ

ਗਿਆ ਤਾਂ ਸੰਗਤ ਦੀ ਸੇਵਾ, ਕੌਮ ਦੀ ਸੇਵਾ ਬਣ ਗਈ। ਗੁਰਮਤ ਸੰਗਤੀ (Congregational) ਧਰਮ ਹੈ। ਸਿੱਖ ਲਈ ਸੰਗਤ ਵਿੱਚ ਬੈਠਣਾ ਬੜਾ ਜ਼ਰੂਰੀ ਹੈ। ਸੰਗਤ ਵਿੱਚ ਕੋਈ ਉਚ-ਨੀਚ ਨਹੀਂ ਹੁੰਦੀ ਹੈ। ਸਭ ਸਿੱਖ ਇਕੋ ਫਰਸ਼ ਤੇ ਬੈਠਦੇ ਹਨ। ਕਿਸੇ ਲਈ ਕੋਈ ਵਿਸ਼ੇਸ਼ ਥਾਂ ਨਹੀਂ ਰੱਖੀ ਜਾਂਦੀ ਹੈ। ਜਿਥੇ ਕੋਈ ਆਣ ਕੇ ਬੈਠ ਜਾਏ - ਅਮੀਰ ਗਰੀਬ ਸਭ ਨਾਲ ਇਕੋ ਜੇਹਾ ਵਰਤਾਉ ਹੁੰਦਾ ਹੈ। ਸਭ ਸਿੱਖ ਗੁਰਦੁਆਰੇ ਦੇ ਅੰਦਰ ਸ਼ਬਦ ਦੇ ਅੱਗੇ ਸਿਰ ਝੁਕਾਉਂਦੇ ਹਨ। ਕਿਸੇ ਨੂੰ ਇਸ ਤੋਂ ਛੋਟ ਜਾਂ ਮੁਆਫੀ ਨਹੀਂ ਹੁੰਦੀ। ਗੁਰੂ ਕੇ ਲੰਗਰ ਵਿੱਚ ਸਭ ਨੂੰ ਇਕੋ ਜੇਹਾ ਪ੍ਰਸ਼ਾਦ ਮਿਲਦਾ ਹੈ। ਵੀਹ ਵਿਸਵੇ ਗੁਰੂ ਅਤੇ ਇੱਕੀ ਵਿਸਵੇ ਸੰਗਤ। ਇਸ ਲਈ ਜੋ ਸੰਗਤ ਦੀ ਸੇਵਾ ਕਰਦਾ ਹੈ, ਉਹ ਚੰਗਾ ਸਿੱਖ ਹੈ।

ਸੇਵਾ ਕਰਨ ਦੇ ਕਈ ਢੰਗ ਹਨ, ਜਿਸ ਤਰ੍ਹਾਂ ਕਿ ਗੁਰੂ ਕੇ ਲੰਗਰ ਲਈ ਰਸਦ ਜਾਂ ਮਾਲੀ ਸਹਾਇਤਾ ਦੇਣੀ, ਲੰਗਰ ਵਰਤਾਣਾ, ਲੰਗਰ ਪਕਵਾਣਾ, ਸੰਗਤਾਂ ਦੇ ਜੋੜਿਆਂ ਦੀ ਰਾਖੀ ਕਰਨੀ, ਜੋੜਿਆਂ ਨੂੰ ਸਾਫ ਕਰਨਾ, ਸੰਗਤਾਂ ਦੇ ਜੂਠੇ ਭਾਂਡੇ ਸਾਫ ਕਰਨਾ, ਗਰਮੀਆਂ ਵਿੱਚ ਸੰਗਤਾਂ ਨੂੰ ਪੱਖਾ ਝੱਲਣਾ ਤੇ ਪਾਣੀ ਪਿਆਉਣਾ, ਗਰੀਬਾਂ ਨੂੰ ਰੋਟੀ ਦੇਣਾ, ਪੰਥਕ ਕੰਮਾਂ ਲਈ ਮਾਲੀ ਸਹਾਇਤਾ ਦੇਣੀ, ਗਰੀਬਾਂ ਤੇ ਅਨਾਥਾਂ ਦੀ ਸਹਾਇਤਾ ਕਰਨੀ। ਇਹ ਸੇਵਾ ਸਿਰਫ ਸਿੱਖ ਹੀ ਨਹੀਂ ਕਰਦੇ ਰਹੇ, ਬਲਕਿ ਗੁਰੂ ਸਾਹਿਬ ਆਪ ਵੀ ਕਰਦੇ ਰਹੇ ਹਨ। ਇਕ ਵੇਰ ਵੈਸਾਖੀ ਦੇ ਸਮੇਂ ਜਦੋਂ ਸਭ ਸੰਗਤਾਂ ਜੁੜ ਗਈਆਂ ਤਦ ਉਹਨਾਂ ਦੀ ਸੇਵਾ ਦਾ ਪ੍ਰੋਗਰਾਮ ਬਣਾਇਆ ਗਿਆ, ਜੋ ਗੁਰੂ ਅਰਜਨ ਦੇਵ ਜੀ ਨੇ ਸਭ ਸਿੱਖਾਂ ਨੂੰ ਸੁਣਾ ਦਿੱਤਾ, ਇੱਕ ਉਠ ਕੇ ਬੇਨਤੀ ਕਰਨ ਲੱਗਾ- ਜੀ ਮਹਾਰਾਜ ! ਤੁਸੀਂ ਇਕ ਡਿਊਟੀ ਲਾਉਣੀ ਭੁੱਲ ਗਏ ਹੋ। ਬਰਤਨ ਸਾਫ ਕਰਨ ਦਾ ਕੰਮ ਕਿਸੇ ਦੇ ਜ਼ਿੰਮੇ ਨਹੀਂ ਲਗਾਇਆ ਗਿਆ ਹੈ। ਗੁਰੂ ਜੀ ਕਹਿਣ ਲੱਗੇ ਕਿ ਉਹ ਡਿਊਟੀ ਲੱਗ ਚੁੱਕੀ ਹੈ। ਉਹਨਾਂ ਕਿਹਾ ਕਿ ਇਹ ਕੰਮ ਅਸੀਂ ਆਪ ਕਰਾਂਗੇ। ਤਦ ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰਮਤ ਵਿੱਚ ਸੇਵਾ ਤੋਂ ਭਾਵ ਗੁਰੂ ਅਤੇ ਸੰਗਤ ਦੋਹਾਂ ਦੀ ਸੇਵਾ ਹੈ। ਅੱਜ-ਕੱਲ੍ਹ ਸਰੀਰਕ ਗੁਰੂ ਨਾ ਹੋਣ ਕਰ ਕੇ ਸੇਵਾ ਦਾ ਮਤਲਬ ਸੰਗਤ ਦੀ ਸੇਵਾ ਹੈ। ਸਭ ਗੁਰੂਆਂ ਨੇ ਸੇਵਾ ਦਾ ਸਬਕ ਆਪ ਆਪਣੇ ਹੱਥੀਂ ਸੇਵਾ ਕਰ ਕੇ ਦਿੱਤਾ। ਸਿੱਖ ਇਤਿਹਾਸ ਸੇਵਾ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਗੁਰੂ ਸਾਹਿਬਾਂ ਤੋਂ ਲੈ ਕੇ, ਸਿੱਖ ਰਾਜੇ, ਮਹਾਰਾਜੇ, ਅਮੀਰ ਗਰੀਬ ਸਭ ਕਿਸੇ ਨਾ ਕਿਸੇ ਵੇਲੇ ਸੰਗਤ ਦੀ ਸੇਵਾ ਕਰਨਾ ਆਪਣਾ ਫਰਜ਼ ਸਮਝਦੇ ਹਨ-

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥
ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥
ਸੰਤ ਜਨਾ ਕਾ ਛੋਹਰਾ, ਤਿਸੁ ਚਰਣੀ ਲਾਗਿ ॥
ਮਾਇਆਧਾਰੀ ਛਤ੍ਰਪਤਿ, ਤਿਨ੍ ਛੋਡਉ ਤਿਆਗਿ ॥੧॥ਰਹਾਉ ॥
ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥
ਭਗਤ ਜਨਾ ਕਾ ਲੂਗਾਰਾ ਓਢਿ ਨਗਨ ਨ ਹੋਈ ॥
ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥
ਸਾਕਤ ਸਿਉ ਮੁਖਿ ਜੋਰਿਐ, ਅਧ ਵੀਚਹੁ ਟੂਟੈ ॥
ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪॥
ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ
ਦਰਸਨੁ ਭੇਟਤ ਸਾਧ ਕਾ, ਨਾਨਕ ਗੁਣ ਗਾਈ ॥੪॥ (ਬਿਲਾਵਲੁ ਮ: ੫, ਪੰਨਾ ੮੧੧)

ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥
ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥੧॥
ਸਾਈ ਸੁਹਾਗਣਿ ਜੋ ਪ੍ਰਭ ਭਾਈ ॥ ਤਿਸ ਕੈ ਸੰਗਿ ਮਿਲਉ ਮੇਰੀ ਮਾਈ ॥੧॥ ਰਹਾਉ ॥

ਦਾਸਨਿ ਦਾਸੀ ਕੀ ਪਨਿਹਾਰਿ ॥ ਉਨ੍ ਕੀ ਰੇਣੁ ਬਸੈ ਜੀਅ ਨਾਲਿ ॥
ਮਾਥੈ ਭਾਗੁ ਤ ਪਾਵਉ ਸੰਗੁ ॥ ਮਿਲੈ ਸੁਆਮੀ ਅਪੁਨੈ ਰੰਗਿ ॥੨॥
ਜਾਪ ਤਾਪ ਦੇਵਉ ਸਭ ਨੇਮਾ ॥ ਕਰਮ ਧਰਮ ਅਰਪਉ ਸਭ ਹੋਮਾ ॥
ਗਰਬੁ ਮੋਹੁ ਤਜਿ ਹੋਵਉ ਰੇਨ ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ ॥੩॥
ਨਿਮਖ ਨਿਮਖ ਏਹੀ ਆਰਾਧਉ ॥ ਦਿਨਸੁ ਰੈਣਿ ਏਹ ਸੇਵਾ ਸਾਧਉ ॥
ਭਏ ਕ੍ਰਿਪਾਲ ਗੁਪਾਲ ਗੋਬਿੰਦ ॥ ਸਾਧਸੰਗਿ ਨਾਨਕ ਬਖਸਿੰਦ ॥੪॥੩੩॥੮੪॥

(ਆਸਾ ਮ: ੫, ਪੰਨਾ ੩੯੧)

ਸੋ, ਉਹ ਸਿੱਖ ਹੈ, ਜੋ ਮਨੁੱਖਤਾ ਨਾਲ ਪਿਆਰ ਕਰਦਾ ਹੈ, ਦਾਨ ਕਰਦਾ ਹੈ, ਦੂਜਿਆਂ ਦੀ ਸਹਾਇਤਾ ਕਰਦਾ ਹੈ ਅਤੇ ਉਹਨਾਂ ਨਾਲ ਪਿਆਰ ਕਰਦਾ ਹੈ । ਭਾਵੇਂ ਵਿਅਕਤੀਵਾਦ (Individualism) ਦੇ ਹੜ੍ਹ ਦੇ ਅੱਗੇ ਦੂਸਰੀ ਦੁਨੀਆਂ ਨਾਲ ਸਿੱਖ ਵੀ ਰੁੜ੍ਹੇ ਜਾ ਰਹੇ ਹਨ ਅਤੇ ਸੇਵਾ ਦੀਆਂ ਉਹ ਮਿਸਾਲਾਂ ਨਹੀਂ ਮਿਲਦੀਆਂ ਜੋ ਪਹਿਲੋਂ ਮਿਲਿਆ ਕਰਦੀਆਂ ਸਨ, ਪਰ ਫਿਰ ਵੀ ਸਿੱਖੀ ਆਦਰਸ਼ ਦਾ ਅਸਰ ਸਿੱਖਾਂ ਉਤੇ ਹੈ ਅਤੇ ਸੇਵਾ ਦੀ ਭਾਵਨਾ ਗੁਰਪੁਰਬਾਂ, ਕਾਨਫਰੰਸਾਂ, ਮੇਲਿਆਂ, ਇਕੱਠਾ ਆਦਿ ਵੇਲੇ ਆਪਣਾ ਕੰਮ ਕਰਦੀ ਦਿੱਸਦੀ ਹੈ । ਇਹ ਸੇਵਾ ਦੀ ਭਾਵਨਾ ਹੀ ਹੈ, ਜੋ ਸਿੱਖ ਨੂੰ ਦੂਸਰੇ ਧਰਮਾਂ ਦੇ ਬੰਦਿਆਂ ਨਾਲੋਂ ਨਿਖੇੜਦੀ ਹੈ ।

ਗੁਰਮਤ ਅਨੁਸਾਰ ਹਉਮੈ ਇਕ ਵੱਡਾ ਰੋਗ ਹੈ, ਇਸ ਨੂੰ ਕਾਬੂ ਕਰਨ ਲਈ ਸੇਵਾ ਇਕ ਬੜਾ ਤਕੜਾ ਸਾਧਨ ਹੈ ॥ ਹਉਮੈ ਨੂੰ ਮਾਰ ਕੇ ਹੀ ਆਦਮੀ ਪਰਮਾਤਮਾ ਨੂੰ ਮਿਲ ਸਕਦਾ ਹੈ । ਹਉਮੈ ਆਤਮਾ ਅਤੇ ਪਰਮਾਤਮਾ ਦੇ ਵਿਚਕਾਰ ਇਕ ਦੀਵਾਰ ਹੈ । ਇਸ ਦੀਵਾਰ ਨੂੰ ਦੂਰ ਕਰ ਕੇ ਹੀ ਆਤਮਾ ਤੇ ਪਰਮਾਤਮਾ ਦਾ ਮੇਲ ਹੋ ਸਕਦਾ ਹੈ । ਸੇਵਾ ਕਰਨ ਨਾਲ, ਨਾਮ ਜਪਣ ਨਾਲ ਅਤੇ ਉਸ ਪਰਮਾਤਮਾ ਦੀ ਰਜ਼ਾ ਵਿਚ ਚੱਲਣ ਨਾਲ ਹੀ ਇਹ ਦੀਵਾਰ ਟੁੱਟਦੀ ਹੈ ।

ਸੇਵਾ ਪਿਆਰ ਦੇ ਜਜ਼ਬੇ ਵਿੱਚ ਨਿਕਲਦੀ ਹੈ । ਸੇਵਾ ਕਿਸੇ ਇਨਾਮ ਲਈ ਨਹੀਂ ਕੀਤੀ ਜਾਂਦੀ । ਪਿਆਰ ਦਾ ਮਤਲਬ ਮਨੁੱਖਤਾ ਤੇ ਪਰਮਾਤਮਾ ਦਾ ਪਿਆਰ ਹੈ । ਪਰਮਾਤਮਾ ਦਾ ਪਿਆਰ, ਪਿਆਰ ਲਈ ਕੀਤਾ ਜਾਂਦਾ ਹੈ, ਕਿਸੇ ਪਦਾਰਥਕ ਲਾਲਚ ਲਈ ਨਹੀਂ ।

**ਧੰਨਵਾਦ ਸਹਿਤ: ਸਿੱਖ ਵਿਚਾਰਧਾਰਾ ਵਿਚੋਂ**
**ਸ਼੍ਰੋ.ਗੁ.ਪ੍ਰ.ਕਮੇਟੀ**

## ਗਤੀਵਿਧੀਆਂ

### ਨਾਨਕਸ਼ਾਹੀ ਜੰਤਰੀ ਅਨੁਸਾਰ ਫੱਗਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 13-2-2015 ਦਿਨ ਸ਼ੁੱਕਰਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ"**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ**"।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਕਥਾ ਰਾਹੀਂ ਸੇਵਾ ਨਿਭਾਈ।। ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ।

## ਮਾਰਚ 2015 ਮਹੀਨੇ ਦੇ ਸਮਾਗਮ

### ਨਾਨਕਸ਼ਾਹੀ ਜੰਤਰੀ ਅਨੁਸਾਰ ਚੇਤ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਮਿਤੀ 14-03-2015 ਦਿਨ ਸ਼ਨੀਵਾਰ ਨੂੰ ਸ਼ਾਮ 6.00 ਤੋਂ 9.00 ਤੱਕ **"ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ "**।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ । ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਦੀ ਮਿਤੀ 01-03-2015 (ਐਤਵਾਰ) ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34, ਚੰਡੀਗੜ੍ਹ ਵਿਖੇ ਹੋਈ ਜਨਰਲ ਇੱਕਤ੍ਰਤਾ ਦੀ ਕਾਰਵਾਈ ।

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀ ਸਲਾਨਾ ਜਨਰਲ ਇਕਤ੍ਰਤਾ ਮਿਤੀ 01-03-2015 (ਐਤਵਾਰ) ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਚੰਡੀਗੜ੍ਹ ਵਿਖੇ ਹੋਈ। ਇਸ ਇਕਤ੍ਰਤਾ ਵਿਚ 53 ਮੈਂਬਰ ਵੀਰ / ਭੈਣਾਂ ਨੇ ਹਿੱਸਾ ਲਿਆ ਜਿਸ ਦਾ ਵੇਰਵਾ ਹਾਜ਼ਰੀ ਰਜਿਸਟਰ ਵਿਚ ਅੰਕਿਤ ਹੈ ।

ਇਕਤ੍ਰਤਾ ਦੀ ਕਾਰਵਾਈ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਰਾਹੀਂ "ਆਉ ਸਖੀ ਸੰਤ ਪਾਸਿ ਸੇਵਾ ਲਾਗੀਐ" ਸ਼ਬਦ ਗਾਇਨ ਉਪਰੰਤ ਅਰਦਾਸ ਨਾਲ ਅਰੰਭ ਹੋਈ।

ਜਨਰਲ ਸਕਤ੍ਰ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੇ ਸੋਸਾਇਟੀ ਦੇ ਮੁੱਖ ਸੇਵਾਦਾਰ ਸ.ਦਵਿੰਦਰ ਪਾਲ ਸਿੰਘ ਜੀ ਨੂੰ ਆਏ ਮੈਂਬਰ ਸਾਹਿਬਾਨ ਨੂੰ ਜੀ ਆਇਆ ਨੂੰ ਕਹਿਣ ਲਈ ਅਤੇ ਇੱਕਤਰਤਾ ਵਿੱਚ ਗਤੀਵਿਧੀਆਂ ਦੀ ਰਿਪੋਰਟ ਪੜ੍ਹਨ ਲਈ ਬੇਨਤੀ ਕੀਤੀ ।

ਸ. ਦਵਿੰਦਰ ਪਾਲ ਸਿੰਘ ਨੇ ਸਮੂੰਹ ਮੈਂਬਰਾਂ ਦਾ ਹਾਰਦਿਕ ਸਵਾਗਤ ਕੀਤਾ ਅਤੇ ਹਾਜ਼ਰੀਆਂ ਭਰਣ ਲਈ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢਣ ਲਈ ਧੰਨਵਾਦਿ ਕੀਤਾ । ਮੁੱਖ ਸੇਵਾਦਾਰ ਨੇ ਆਪਣੇ ਵੀਚਾਰ ਸਾਂਝੇ ਕਰਦਿਆਂ ਕਹਿਆ ਕਿ ਇਹ ਇੱਕਤ੍ਰਤਾ ਸਲਾਨਾ ਇੱਕ ਪ੍ਰੀਵਾਰਕ ਮਿਲਣੀ ਦੇ ਰੂਪ ਵਿਚ ਹਰ ਸਾਲ ਆਯੋਜਿਤ ਕੀਤੀ ਜਾਂਦੀ ਹੈ । ਇਸ ਦਾ ਇਕ ਮੰਤਵ ਇਹ ਵੀ ਹੈ ਕਿ ਇਸ ਇੱਕਤ੍ਰਤਾ ਰਾਹੀਂ ਅਸੀਂ ਆਪਣੇ ਪਰਿਵਾਰਾਂ ਦੀ ਸਾਂਝ ਵੀ ਬਣਾ ਸਕੀਏ ਅਤੇ ਇਕ ਦੂਸਰੇ ਦੇ ਸੁੱਖ ਦੁੱਖ ਦੇ ਭਾਗੀਦਾਰ ਬਣ ਸਕੀਏ ।

### ਏਜੰਡਾ ਨੰ.1) ਅਪ੍ਰੈਲ 2013 ਤੋਂ ਜਨਵਰੀ 2014 ਤੱਕ ਦੀਆਂ ਗਤੀਵਿਧੀਆਂ ਦੀ ਰਿਪੋਰਟ

ਮੁੱਖ ਸੇਵਾਦਾਰ ਸ.ਦਵਿੰਦਰ ਪਾਲ ਸਿੰਘ ਨੇ ਇਕਤ੍ਰਤਾ ਦੀ ਕਾਰਵਾਈ ਅਰੰਭ ਕਰਦਿਆਂ ਸਮੂੰਹ ਮੈਂਬਰਾਂ ਨੂੰ ਏਜੰਡਾ, ਰਿਪੋਰਟ, ਹਿਸਾਬ ਕਿਤਾਬ ਅਤੇ ਬਜਟ ਪੇਪਰ ਦੀ ਪ੍ਰਿੰਟਿਡ ਕਾਪੀ ਪੇਸ਼ ਕੀਤੀ।

ਮੁੱਖ ਸੇਵਾਦਾਰ ਨੇ ਉਪਰੋਕਤ ਕਿਤਾਬਚੇ ਦੇ ਪੰਨਾ ਨੰ. 2-10 ਤੱਕ ਅੰਕਿਤ ਰਿਪੋਰਟ ਮੈਂਬਰ ਸਾਹਿਬਾਨ ਨਾਲ ਸਾਝੀ ਕੀਤੀ । ਸੋਸਾਇਟੀ ਵਲੋਂ ਆਯੋਜਿਤ ਕੀਤੇ ਗਏ ਗੁਰਮਤਿ ਸਮਾਗਮਾਂ ਦੀਆਂ ਲੜੀਆਂ ਦੀ ਵਿਉਂਤ ਬੰਦੀ, ਪਾਠ ਬੋਧ ਸਮਾਗਮਾਂ ਦਾ ਆਯੋਜਨ ਅਤੇ ਹੋਰ ਗੁਰਮਤਿ ਪ੍ਰਚਾਰ ਲਈ ਕੀਤੇ ਯਤਨਾ ਤੇ ਭਰਪੂਰ ਸੰਤੁਸ਼ਟੀ ਪ੍ਰਗਟ ਕੀਤੀ ਗਈ। ਇਹ ਵੀ ਨੋਟ ਕੀਤਾ ਗਿਆ ਕਿ ਸੋਸਾਇਟੀ ਲੋੜਵੰਦਾਂ ਦੀ ਜੋ ਗੁਰਮਤਿ ਪ੍ਰਸਾਰ ਮੈਡੀਕਲ ਸੈਂਟਰ ਰਾਹੀਂ ਸੇਵਾ ਕਰ ਰਹੀ ਹੈ ਉਹ ਵੀ ਸ਼ਲਾਘਾਯੋਗ ਹੈ। ਮੈਂਬਰਾਂ ਨੇ ਇਨ੍ਹਾਂ ਸੇਵਾਵਾਂ ਦਾ ਯੋਗ ਵਿਸਥਾਰ ਕਰਨ ਲਈ ਗਵਰਨਿੰਗ ਬਾਡੀ ਨੂੰ ਆਦੇਸ਼ ਦਿਤੇ ।

ਕਮੇਟੀ ਨੇ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਵਿਖੇ ਪੜ ਰਹੇ ਪਹਿਲੇ ਅਤੇ ਦੂਸਰੇ ਸਾਲ ਦੇ ਵਿਦਿਆਰਥੀਆਂ ਦੇ ਨਤੀਜਿਆਂ ਤੇ (ਜੋ ਰਿਪੋਰਟ ਦੇ ਪੰਨਾ 3 ਤੇ ਅੰਕਿਤ ਹਨ) ਵਿਸ਼ੇਸ਼ ਤੋਰ ਤੇ ਖੁਸ਼ੀ ਪ੍ਰਗਟਾਈ ਕਿ ਸਾਰੇ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ । ਚਾਰ ਵਿਦਿਆਰਥੀ ਪ੍ਰਥਮ ਸ਼੍ਰੇਣੀ ਵਿਚ ਅਤੇ ਬਾਕੀ 10 ਵਿਦਿਆਰਥੀ ਹਾਈ ਦੂਜੀ ਸ਼੍ਰੇਣੀ ਵਿਚ ਪਾਸ ਹੋਏ ਹਨ। ਇੱਕ ਵਿਦਿਆਰਥੀ ਤੀਸਰੀ ਸ਼੍ਰੇਣੀ ਵਿੱਚ ਪਾਸ ਹੋਇਆ ਹੈ ।

ਇਹ ਵੀ ਖੁਸ਼ੀ ਨਾਲ ਨੋਟ ਕੀਤਾ ਗਿਆ ਕਿ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਇਕ ਗਤਕਾ ਟੀਮ ਬਣਾਈ ਹੈ ਜਿਸ ਵਿਚ ਇਲਾਕੇ ਦੇ ਕਾਫੀ ਬਚੇ ਹਿਸਾ ਲੈ ਰਹੇ ਹਨ। ਗਤਕੇ ਦੇ ਜੋਹਰ ਸਿੱਖਾਉਣ ਤੋਂ ਛੁਟ ਇਨ੍ਹਾਂ ਬਚਿਆਂ ਨੂੰ ਗੁਰਮਤਿ ਨਾਲ ਜੋੜਿਆ ਜਾ ਰਿਹਾ ਹੈ।

ਇਹ ਭੀ ਨੋਟ ਕੀਤਾ ਗਿਆ ਕਿ ਮਿਤੀ 20-07-2014 ਨੂੰ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਵਿਖੇ ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2014-2017 ਸ਼ੁਰੂ ਕੀਤਾ ਗਿਆ ਜਿਸ ਵਿੱਚ 14 ਨਵੇ ਵਿਦਿਆਰਥੀ ਭਰਤੀ ਕੀਤੇ ਗਏ ਇਸ ਪ੍ਰਕਾਰ ਬੀ.ਏ ਕੋਰਸ ਦੀਆਂ ਤਿੰਨ ਕਲਾਸਾ (ਪਹਿਲਾ ਸਾਲ, ਦੂਜਾ ਸਾਲ, ਤੀਜਾ ਸਾਲ) ਚੱਲ ਰਹੀਆਂ ਹਨ। ਇਸ ਸਮੇਂ 30 ਵਿਦਿਆਰਥੀ ਵਿਦਿਆ ਪ੍ਰਾਪਤ ਕਰ ਰਹੇ ਹਨ।

ਕਮੇਟੀ ਨੇ ਸੰਤੋਸ਼ ਪ੍ਰਗਟਾਇਆ ਕਿ ਇਨ੍ਹਾਂ ਵਿਦਿਆਰਥੀਆਂ ਦੀ ਪੜਾਈ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ ਹੈ।

ਇਸ ਪ੍ਰਕਾਰ ਉਪਰੋਕਤ ਰਿਪੋਰਟ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ।

## ਏਜੰਡਾ ਨੰ. 2) ਸਾਲ 2014-2015 (ਜਨਵਰੀ 2015) ਤੱਕ ਦੇ ਆਮਦਨ / ਖਰਚ ਦੇ ਹਿਸਾਬ /ਕਿਤਾਬ ਦਾ ਵੇਰਵਾ ਅਤੇ ਉਸਦੀ ਪ੍ਰਵਾਨਗੀ :-

ਪ੍ਰਿੰਸੀਪਲ ਨਰਿੰਦਰ ਬੀਰ ਸਿੰਘ, ਜਨਰਲ ਸਕਤ੍ਰ ਨੇ ਏਜੰਡਾ ਨੋਟਸ ਦੀ ਕਾਪੀ ਦੇ ਪੰਨਾ ਨੰ 11 ਤੇ ਸੋਸਾਇਟੀ / ਟ੍ਰਸਟ ਦੇ ਅੰਕਿਤ/ ਆਮਦਨ / ਖਰਚ(ਐਪ੍ਰਲ 2014 ਤੋਂ ਜਨਵਰੀ 2015 ਤੱਕ) ਵੱਲ ਮੈਂਬਰਾਂ ਦਾ ਧਿਆਨ ਦਿਵਾਇਆ ਜਿਸ ਅਨੁਸਾਰ ਪਿਛਲੇ 10 ਮਹੀਨਿਆਂ ਵਿਚ ਸੋਸਾਇਟੀ ਦੀ ਕੁਲ ਆਮਦਨ 28,91,410/- ਰੁਪਏ ਅਤੇ ਖਰਚਾ 28,69,067/- ਰੁਪਏ ਦਰਸਾਈ ਗਈ ਹੈ। ਇਸ ਪ੍ਰਕਾਰ ਆਮਦਨ ਖਰਚ ਤੋਂ 22,343/- ਰੁਪਏ ਵਾਧੂ ਹੈ। ਕੁਲ ਖਰਚੇ ਵਿਚ 1,98,537/- ਰੁਪਏ ਗੁਰਦੁਆਰਾ/ਸਮਾਗਮਾਂ ਦਾ, 6,24,065/- ਰੁਪਏ ਮੈਡੀਕਲ ਸੇਵਾ ਸੈਂਟਰ ਅਤੇ 10,92,969/- ਰੁਪਏ ਟ੍ਰੇਨਿੰਗ ਦਾ ਖਰਚਾ ਹੈ। ਟ੍ਰੇਨਿੰਗ ਦੇ ਖਰਚੇ ਵਿਚ 3,18,200/- ਰੁਪੈ ਕੇਵਲ **30** ਵਿਦਿਆਰਥੀਆਂ ਦੀ ਯੁਨੀਵਰਸਿਟੀ ਵਿਚ ਦਾਖਲਾ ਫੀਸ ਅਤੇ Examination Fees ਹੈ।

ਗੁਰਮਤਿ ਪ੍ਰਸਾਰ ਸਰਵਿਸ ਟ੍ਰਸਟ ਦਾ ਇਸ ਸਮੇਂ ਦੌਰਾਨ 1,02,000/- ਰੁਪਏ ਦੀ ਆਮਦਨ ਦੇ ਮੁਕਾਬਲੇ 1,25,000/- ਰੁਪਏ ਖਰਚਾ ਹੋਇਆ। ਆਮਦਨ ਤੋਂ ਖਰਚ 23,000/- ਰੁਪਏ ਵਾਧੂ ਹੋਇਆ ਹੈ। ਇਸ ਪ੍ਰਕਾਰ ਸੋਸਾਇਟੀ/ ਟ੍ਰਸਟ ਦੋਨਾਂ ਨੂੰ ਮਿਲਾ ਕੇ ਪਿਛਲੇ **10** ਮਹੀਨਿਆ ਵਿਚ **ਖਰਚ** ਆਮਦਨ ਤੋਂ **657/-**ਰੁਪੈ ਵਾਧੂ ਹੈ।

ਸਮੂੰਹ ਮੈਂਬਰਾਂ ਨੂੰ ਸੋਸਾਇਟੀ ਦੇ ਕਾਰਜਾਂ ਨੂੰ ਸਫਲ ਬਣਾਉਣ ਲਈ ਵਧੇਰੇ ਸਹਿਯੋਗ ਦੇਣ ਲਈ ਬੇਨਤੀ ਕੀਤੀ ਗਈ।ਵਿਸਥਾਰ ਸਹਿਤ ਵਿਚਾਰ ਉਪਰੰਤ ਉਪਰੋਕਤ ਖਰਚਿਆਂ ਦੀ ਪ੍ਰਵਾਨਗੀ ਦਿੱਤੀ ਗਈ।

## ਏਜੰਡਾ ਨੰ. 3) ਸਾਲ 2013-14 ਦੀ ਆਡਿਟਡ ਰੀਪੋਰਟ :

ਜਨਰਲ ਸਕੱਤਰ ਨੇ 2013-14 ਦੀ ਆਡਿਟਡ ਰੀਪੋਰਟ ਮੀਟਿੰਗ ਵਿਚ ਪੇਸ਼ ਕੀਤੀ ਅਤੇ ਦਸਿਆ ਕਿ ਆਡਿਟਰ ਵਲੋਂ ਰੀਪੋਰਟ ਵਿਚ ਕੋਈ ਇਤਰਾਜ਼ ਯੋਗ ਟਿੱਪਣੀ ਨਹੀਂ ਹੈ। ਰੀਪੋਰਟ ਨੂੰ ਮੀਟਿੰਗ ਵਲੋਂ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ।

**ਏਜੰਡਾ ਨੰ 4) ਸਾਲ 2015-2016 ਵਿਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ ਦੀ ਪ੍ਰਵਾਨਗੀ ।**

ਜਨਰਲ ਸਕਤੁ ਨੇ ਸਾਲ 2015-2016 ਦੌਰਾਨ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ ਜੋ ਏਜੰਡਾ ਪੁਸਤਕ ਦੇ ਪੰਨਾ ਨੰ. 12 ਤੇ ਅੰਕਿਤ ਸੀ, ਪੇਸ਼ ਕੀਤੀ ਜਿਸਨੂੰ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ।

**ਏਜੰਡਾ ਨੰ. 5) ਸਾਲ 2015-2016 ਵਿਚ ਹੋਣ ਵਾਲੇ ਖਰਚਿਆਂ ਦੇ ਬਜਟ ਦੀ ਪ੍ਰਵਾਨਗੀ।**

ਪ੍ਰਿੰਸੀਪਲ ਨਰਿੰਦਰ ਬੀਰ ਸਿੰਘ, ਜਨਰਲ ਸਕਤ੍ਰ ਨੇ ਸੋਸਾਇਟੀ ਦਾ ਸਾਲ 2015-16 ਦਾ ਬਜਟ ਪੇਸ਼ ਕੀਤਾ । ਵੱਖ ਵੱਖ ਮੱਦਾਂ ਵਿਚ ਹੇਠ ਲਿਖੇ ਅਨੁਸਾਰ ਖਰਚੇ ਪ੍ਰਸਤਾਵਿਤ ਹਨ:-

| | |
|---|---|
| ਟ੍ਰੇਨਿੰਗ | 20,10,000 |
| ਗੁਰਮਤਿ ਪ੍ਰਸਾਰ ਸਰਵਿਸ ਟ੍ਰਸਟ | 2,00,000 |
| ਨਿਊਜ਼ ਪੱਤਰ | 30,000 |
| ਗੁਰਮਤਿ ਲਿਟਰੇਚਰ | 30,000 |
| ਗੁਰਮਤਿ ਸਮਾਗਮ/ ਗੁਰਦੁਆਰਾ ਸਾਹਿਬ | 3,00,000 |
| ਦਫਤਰ ਦੇ ਖਰਚੇ ਅਤੇ ਸਟਾਫ ਦੀ ਤਨਖਾਹ | 9,86,000 |
| ਲਾਇਬ੍ਰੇਰੀ | 62,000 |
| ਡਿਸਪੈਂਸਰੀ / ਸੋਸ਼ਲ ਵੈਲਫੇਅਰ | 12,80,000 |
| ਕੁੱਲ ਜੋੜ | 48,98,000 |

ਵਿਸਥਾਰ ਸਹਿਤ ਵਿਚਾਰ ਉਪਰੰਤ ਟ੍ਰਸਟ ਅਤੇ ਸਾਸਾਇਟੀ ਦੇ ਖਰਚੇ ਦਾ ਬਜਟ ਅਤੇ ਪਿਛਲੇ 10 ਮਹੀਨਿਆਂ ਦੌਰਾਨ ਪ੍ਰਾਪਤ ਸਹਾਇਤਾ ਦੇ ਆਧਾਰ ਤੇ ਹੇਠ ਲਿਖੇ ਅਨੁਸਾਰ ਬਜਟ ਦੀ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ।

**Budget for 2015-2016**

| | |
|---|---|
| Expenditure Budget Society /Trust | 48,98,000 |
| Say | 49,00,000 |
| Expenditure Average Per month | 4,08,333 |
| Average Income on the basis of last 10 months | 2,99,000 |
| **Deficit / Per month** | **-1,08,992** |
| Capital Budget | |
| -- Construction of Additional Class Room | 2,00,000 |
| -- Furniture Training | 30,000 |

**Agenda No. 6) Amendments to Trust Deed of Gurmat Parsar Service Trust**

S. Sarbjit Singh, Secretary, Gurmat Parsar Service Trust, explained to the house the amendments to some clauses of the Trust Deed which have been already approved by Trustees of the Trust and the Governing Body of Gurmat Parsar Sewa Society(Regd.). After discussion , the following amendments to the Trust Deed were unanimously approved. Also, it was decided that a copy of this resolution be sent to the Registrar of Socities Chandigarh for appropriate action at their end.

| **Existing clauses** | **Clauses as amended** |
|---|---|
| 2. | 2. |
| (a) Maximum of seven Permanent Trustees. | a) Maximum of fifteen Permanent Trustees |
| (b) Maximum of three Nominated Trustees to be nominated by the “Settler”. | (b) Maximum of four Nominated Trustees to be nominated by the “Settler”. |
| Management | Management |
| 4(II) That the term of the Managing Trustee shall be two years and he shall not hold any of other offices in GPSS. However, for initial term, the Managing Trustee may hold additional charge at the discretion of Governing Body of GPSS. | 4(II) That the term of the Managing Trustee shall be two years and he shall not simultaneously hold the office of President, Vice President, General Secretary or Treasurer of GPSS. He may, however, hold additional charge of other posts at the discretion of Governing Body of GPSS. He can however, be again elected after a gap of two years meaning there-by that on expiry of term of two years, gap of one term is must. |
| | 4(II) Transfer of membership in case of death of Permanent Trustees. However, the Governing Body may, in case of death of a Permanent Trustee, at its sole discretion offer the Membership to a family member of the deceased Permanent Trustees, fulfilling the requisites to be a member of Settler and subscribe to the aims and objectives of the GPSS Society. |
| (II) That governing body of the Settler will select maximum seven Permanent Trustees out of the nominations received among the members of the society who are not less than 21 years of age, are committed to the ideals & philosophy of Shri Guru Granth Sahib Ji, having flair and proven inclination & commitment towards aims & object of the Gurmat Parsar Sewa Society. Apart from this every Permanent Trustee so selected will contribute Rupees fifty thousand (Rs. 50,000) towards corpus fund of the Trust. | (II) That governing body of the Settler will select maximum fifteen Permanent Trustees out of the nominations received among the members of the society who are not less than 21 years of age, are committed to the ideals & philosophy of Shri Guru Granth Sahib Ji, having flair and proven inclination & commitment towards aims & object of the Gurmat Parsar Sewa Society. Apart from this every Permanent Trustee so selected will contribute Rupees fifty thousand (Rs. 50,000) towards corpus fund of the Trust. |
| (III) That number of Permanent Trustees at any given time shall not exceed seven and not be less than five. | III) That number of Permanent Trustees at any given time shall not exceed fifteen and not be less than seven.. |

(IV) No nominated Trustee shall be nominated for more than two terms consecutively. In case the number of Permanent Trustees is less than 7 the nominated Trustees will be 2 only.

**QUORUM**

The personal presence of at least 6 Trustees out of which 4 shall be Permanent Trustees shall constitute quorum for any meeting. In case the total number of Trustees is less than 10, the quorum shall be 5. The Secretary shall be responsible for proper recording and maintenance of the proceedings of all meetings as also implementation of the decisions.

Personal presence of at least 2/3rd of total out of which at least 2/3rd shall be Permanent Trustees.

(IV) No nominated Trustee shall be nominated for more than one terms consecutively. The number of Nominated Trustees shall not exceed 4 at any time.

**QUORUM**

The quorum for meetings of the Trust will be as under :-

(i) For meetings other than amendments to the Trust Deed:-

Personal presence of at least 50% of total Trustees out of which at least 2/3rd shall be Permanent Trustees.

(ii) For meetings where Trust Deed is to be amended:-

Personal presence of at least 2/3rd of total out of which at least 2/3rd shall be Permanent Trustees.

The Secretary shall be responsible for proper recording and maintenance of the proceedings of all meetings as also implementation of the decisions.

## ਮਾਇਆ ਲਈ ਅਪੀਲ

ਜਨਰਲ ਸਕੱਤ੍ਰ ਨੇ ਦੱਸਿਆ ਕਿ ਸੋਸਾਇਟੀ ਦੇ ਖਰਚੇ ਦਿਨ-ਬ-ਦਿਨ ਵੱਧ ਰਹੇ ਹਨ। ਜਿਵੇਂ ਕਿ ਬਜਟ ਵਿਚ ਦਰਸਾਇਆ ਗਿਆ ਹੈ ਕਿ ਅਗਲੇ ਸਾਲ ਖਰਚਿਆਂ ਦੀ ਪੂਰਤੀ ਲਈ ਪਿਛਲੇ ਸਾਲ ਦੇ ਮੁਕਾਬਲੇ ਤਕਰੀਬਨ 1,09,000/- ਰੁਪੈ ਹਰ ਮਹੀਨੇ ਵਾਧੂ ਲੋੜੀਦੇਂ ਹਨ। ਇਸ ਲਈ ਮੈਂਬਰ ਸਾਹਿਬਾਨ ਨੂੰ ਸਨਿਮਰ ਬੇਨਤੀ ਹੈ ਕਿ ਉਹ ਆਪਣੇ ਦਸਵੰਧ ਵਿਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਦੀ ਸੰਪੂਰਨਤਾ ਲਈ ਬਖਸ਼ਣ। ਉਨ੍ਹਾਂ ਦੀ ਅਪੀਲ ਤੇ ਹੇਠ ਲਿਖੇ ਮੈਂਬਰਾਂ ਨੇ ਆਪਣੀ ਸੇਵਾ ਸਫਲ ਕੀਤੀ:-

| | | |
|---|---|---|
| 1. | S. Charanjit Singh #2634/1/Sec.47c/Chd | 2100/- |
| 2. | Bibi Gurdeep Kaur w/o H.P.S. Bhatia #461/Sec.44A/ Chd | 15,000/- |
| 3. | S. Simranjit Singh #461/Sec.44A/ Chd | 15,000/- |
| 4. | Dr.Harpreet Kaur & Friends Sec44A/Chd | 15,000/- |
| 5. | S. Manjit Singh #143/1 /Sec. 45A/Chd | 1100/- |
| 6. | Bibi Harbans Kaur #1443/Sec34C/Chd | 1100/- |
| 7. | Bibi Manjit Kaur Bindra #1655/34D/Chd | 2000/- |
| 8. | Bibi Harsharan Kaur Sethi#1440/34C/Chd | 2000/- |
| 9. | S. Inderjit Singh Grover #3525/38D/Chd | 1100/- |
| 10. | Dr. Daljit Kaur #1600/Sec. 34D/ Chd | 5100/- |
| 11. | Dr. Daljit Kaur #1549(FF)/Sec. 34D/ Chd | 1200/- |
| 12. | Bibi Manjit Kaur #1368/Sec 34C/Chd | 1,100/- |
| 13. | S. Manjit Singh Bhalla #469/Ph6/Mohali | 2,000/- |
| 14. | S. Gurdeep Singh #119/Phase 6/Mohali | 2,000/- |
| 15. | Bibi Surjit Kaur #1444/Sec 34C/Chd | 15,000/- |
| 16. | S. Narinder Bir Singh #1444/34C/Chd | 15,000/- |
| 17. | Gurmukh Privar | 15,000/- |
| 18. | Gurmukh Privar | 15,000/- |
| 19. | S. Gurbachan Singh #4726/70/Mohali | 15,000/- |
| 20. | S. D.P Singh #393/Phase 9/Mohali | 12,000/- |
| 21. | S. Dhanwant Singh #447/Ph4/Mohali | 500/- |
| 22. | S. G.S. Bhalla#1014/Sec. 49A/Rajdhani Apptts./Chd | 2,100/ |
| 23. | Bibi Parminder Kaur #416/Ph3BI/Mohali | 12,000/- |

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਦੀ ਵੈਬ ਸਾਈਟ


ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਮੈਂਬਰ ਆਪਣੀ ਨਵੀਂ ਵੈਬ ਸਾਈਟ www.gurmatparsar.com ਦੀ ਅਰੰਭਤਾ ਕਰਦੇ ਹੋਏ ।

ਕਾਫੀ ਸਮੇਂ ਤੋਂ ਸੋਸਾਇਟੀ ਦੀ ਅਪਣੀ Website ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਸੋਸਾਇਟੀ ਦੀ **Website** **www.gurmatparsar.com** ਤਿਆਰ ਹੋ ਗਈ ਹੈ । ਇਸ site ਨੂੰ ਸਮੂੰਹ ਮੈਂਬਰਾਂ ਦੀ ਹਾਜਰੀ ਵਿਚ ਜੈ ਕਾਰਿਆਂ ਦੀ ਗੂੰਜ ਵਿਚ ਅਰੰਭ ਕੀਤਾ ਗਿਆ । ਸਮੂੰਹ ਮੈਂਬਰਾਂ ਨੇ ਇਸ site ਦੀ ਅਰੰਭਤਾ ਤੇ ਖੁਸ਼ੀ ਪ੍ਰਗਟਾਈ ।

### ਏਜੰਡਾ ਨੰ. 7) ਮੈਂਬਰ ਸਾਹਿਬਾਨ ਦੇ ਸੁਝਾਓ

1. ਸ: ਗੁਰਚਰਨ ਸਿੰਘ ਸੇਠੀ, ਫੇਜ 4, ਮੋਹਾਲੀ ਨੇ ਵਿਦਿਆਰਥੀਆਂ ਦੀ ਟ੍ਰੇਨਿੰਗ ਨੂੰ ਵਧੇਰੇ ਸੁਦ੍ਰਿੜ ਬਣਾਉਣ ਲਈ ਲਾਇਬ੍ਰੇਰੀ ਦੇ ਵਿਕਾਸ ਤੇ ਜੋਰ ਦਿੱਤਾ । ਜਨਰਲ ਸਕੱਤਰ ਨੇ ਸਪਸ਼ਟ ਕੀਤਾ ਕਿ ਇਨਸਟੀਚਿਊਟ ਵਿਖੇ ਲਾਇਬ੍ਰੇਰੀ ਚਲ ਰਹੀ ਹੈ ਅਤੇ ਇਸ ਦੇ ਵਿਕਾਸ ਲਈ ਯੋਗ ਉਪਰਾਲੇ ਕੀਤੇ ਜਾ ਰਹੇ ਹਨ ।

2. ਸ: ਗੁਰਚਰਨ ਸਿੰਘ ਜੀ ਨੇ ਗੁਰਮਤਿ ਦੀ ਪੜਾਈ ਵਿਚ ਗੁਰੂ ਗ੍ਰੰਥ ਦੇ ਗਹਰਾਈ ਨਾਲ ਅਧਿਆਨ ਤੇ ਵੀ ਜੋਰ ਦਿੱਤਾ ।

ਜਨਰਲ ਸਕਤ੍ਰ ਨੇ ਸਪਸ਼ਟ ਕੀਤਾ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੋਰ ਤੇ ਸ਼ਬਦ ਵੀਚਾਰ ਕਥਾ ਦੇ ਨਾਲ ਗੁਰਬਾਣੀ ਸੰਥਿਆ ਦਿੱਤੀ ਜਾਂਦੀ ਹੈ ਜਿਸ ਵਿਚ ਗੁਰਬਾਣੀ ਵਿਆਕਰਣ, ਵਿਸ਼ਰਾਮ, ਉਚਾਰਣ, ਸ਼ਬਦ ਭੇਦ ਦਾ ਗਿਆਨ ਕਰਵਾਇਆ ਜਾਂਦਾ ਹੈ । ਇਸ ਤੋਂ ਇਲਾਵਾਂ ਸਾਰੇ ਵੀਚਾਰ ਗੁਰੂ ਗ੍ਰੰਥ ਸਾਹਿਬ-ਇਕ ਜੀਵਨ-ਜਾਚ (way of life) ਅਤੇ Targetted Approach ਅਧੀਨ ਕਰਵਾਈ ਜਾਂਦੀ ਹੈ ।

3. ਸ: ਚਰਨਜੀਤ ਸਿੰਘ ਜੀ ਨੇ ਪਿੰਡਾਂ ਵਿਚ ਸਰਵੇ ਅਤੇ ਪ੍ਰਚਾਰ ਦਾ ਮੁਦਾ ਉਠਾਇਆ । ਜਨਰਲ ਸਕੱਤਰ ਨੇ ਸਪਸ਼ਟ ਕੀਤਾ ਕਿ ਕਿਸੇ ਵੀ ਪਿੰਡ ਨੂੰ Adopt ਕਰਨ ਲਈ ਕਾਫੀ ਮਿਹਨਤ, ਮਾਇਕ ਲੋੜ ਅਤੇ Support System ਲੋੜੀਦੇਂ ਹਨ ਜੋ ਇਸ ਸਮੇਂ ਸੋਸਾਇਟੀ ਪਾਸ ਉਪਲਬਧ ਨਹੀਂ ਹਨ । ਸਮਾਂ ਆਉਣ ਤੇ ਇਸ ਤੇ ਵੀਚਾਰ ਕੀਤੀ ਜਾ ਸਕਦੀ ਹੈ ।

4. ਸ: ਚਰਨਜੀਤ ਸਿੰਘ ਅਤੇ ਡਾ. ਗੁਰਮੀਤ ਸਿੰਘ ਨੇ ਗੁਰਮਤਿ ਪ੍ਰਸਾਰ ਸਰਵਿਸ ਟ੍ਰਸਟ ਦੇ ਪਰਮਾਨੈਂਟ ਮੈਂਬਰਾਂ ਦੀ ਗਿਣਤੀ ਜੋ ਕਿ ਇਸ ਸਮੇਂ 15 ਹੈ ਇਸ ਗਿਣਤੀ ਤੋਂ ਮੁਕਤ ਕਰਨ ਦਾ ਸੁਝਾਉ ਦਿੱਤਾ ਜਿਸਨੂ ਕਮੇਟੀ ਵਲੋਂ ਪ੍ਰਵਾਨ ਨਹੀਂ ਕੀਤਾ ਗਿਆ ਅਤੇ ਜੋ ਪਹਿਲੇ ਹੀ ਪ੍ਰਵਾਨੀ ਗਿਣਤੀ ਹੈ ਉਸਨੂ ਕਾਇਮ ਰਖਣ ਦੀ ਪ੍ਰਵਾਨਗੀ ਦਿੱਤੀ । ਅੰਤ ਵਿਚ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੇ ਸਮੂੰਹ ਮੈਂਬਰਾਂ ਦਾ ਧੰਨਵਾਦਿ ਕੀਤਾ ਅਤੇ ਗੁਰੂ ਦੇ ਲੰਗਰ ਛਕਣ ਲਈ ਬੇਨਤੀ ਕੀਤੀ । ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ ਇਕਤ੍ਰਤਾ ਦੀ ਕਾਰਵਾਈ ਸੰਪੂਰਨ ਹੋਈ ।

# ਜਨਰਲ ਇੱਕਤ੍ਰਤਾ ਤਸਵੀਰਾਂ ਦੀ ਜ਼ੁਬਾਨੀ















# ਜਨਰਲ ਇੱਕਤ੍ਰਤਾ ਵਿੱਚ ਹਾਜਰੀ ਭਰਦੇ ਪ੍ਰਬੰਧਕ ਅਤੇ ਸੰਗਤਾਂ





















# ਰਾਗ ਸੋਰਠ

ਪ੍ਰੋ. ਜਸਵਿੰਦਰ ਸਿੰਘ
98141-85854

ਥਾਟ ਖਮਾਜ ਸੁਰ-ਦੋਵੇਂ ਨਿਸ਼ਾਦ ਬਾਕੀ ਸ਼ੁਧ ਵਰਜਿਤ ਸੁਰ-ਆਰੋਹ ਵਿੱਚ ਗ, ਧ ਅਤੇ ਅਵਰੋਹ ਵਿੱਚ ਗੰਧਾਰ

ਜਾਤੀ ਔੜਵ-ਸ਼ਾੜਵ ਵਾਦੀ-ਰਿਸ਼ਭ ਸੰਵਾਦੀ-ਧੈਵਤ ਸਮਾਂ-ਰਾਤ ਦਾ ਦੂਜਾ ਪਹਿਰ ।

ਆਰੋਹ-ਸ, ਰੇ, ਮ ਪ, ਨੀ ਸਂ ।

ਅਵਰੋਹ-ਸਂ, ਰੇਂ ਨੁੀ ਧ, ਮ ਪ ਧ ਮ ਰੇ .ਨੀ ਸ ।

ਪਕੜਸ-ਰੇ, ਮ ਪ ਨੁੀ ਧ, ਪ ਧ ਮ ਰੇ .ਨੀ ਸ ।

## ਰਾਗ ਸੋਰਠ - ਇੱਕ ਤਾਲ

| ਤਾਲ<br>ਚਿੰਨ੍ਹ | 1<br>x | 2 | 3<br>0 | 4 | 5<br>2 | 6 | 7<br>0 | 8 | 9<br>3 | 10 | 11<br>4 | 12 |
|---|---|---|---|---|---|---|---|---|---|---|---|---|
| ਸਥਾਈ | ਸਂਸਂ<br>ਮਨ | ਸਂ<br>ਰੇ | ਸਂਰੇਂ<br>ss | ਨੁੀ<br>ਰਾ | ਧ<br>s | ਪ<br>ਮ | ਪ<br>ਨਾ | -ਪ<br>sਮ | ਪਧ<br>ਜਸ | ਮ<br>ਲੇ | ਮਰੇ<br>ਇs | ਰੇ<br>s |
| | ਮ<br>ਰਾ | ਪ<br>s | -ਨੀ<br>sਮ | ਨੀ<br>ਨਾ | -ਨੀ<br>sਮ | ਨੀਨੀ<br>ਜਸ | ਸਂ<br>ਲੇ | ਸਂ<br>ਇ | ਨੀ<br>s | ਸਂ<br>s | ਸਂ<br>s | ਪ<br>s |
| ਅੰਤਰਾ | ਰੇਰੇ<br>ਬਿਨ | ਮ<br>ਗੁ | ਮ<br>ਰ | ਪਪ<br>ਇਹ | ਪ<br>ਰ | ਪ<br>ਸ | ਪਪ<br>ਕਿਉ | ਪ<br>s | ਪਧ<br>sਲ | ਮਮ<br>ਹਉ | ਮਰੇ<br>ss | ਰੇ<br>s |
| | ਮ<br>ਗੁ | ਪ<br>ਰ | ਨੀ<br>ਮੇ | ਨੀ<br>ਲੈ | -<br>s | ਨੀਨੀ<br>ਹਰਿ | ਸਂ<br>ਦੇ | ਸਂ<br>ਇ | ਨੀ<br>s | ਸਂ<br>s | ਸਂ<br>s | ਪ<br>s |
| | ਰੇਰੇ<br>ਜਿਉ | ਮ<br>s | ਪ<br>s | ਪ<br>ਮੀ | ਪ<br>ਨਾ | ਪਪ<br>ਬਿਨ | ਪ<br>ਪਾ | ਪਧ<br>ss | ਮ<br>ਣੀ | ਰੇ<br>ਐ | ਰੇ<br>s | ਰੇ<br>s |
| | ਮਮ<br>ਤਿਉ | ਪਨੀ<br>ਸਾs | ਨੀਨੀ<br>ਕਤ | ਨੀ<br>ਮ | ਨੀ<br>ਰੈ | ਨੀ<br>s | ਸਂਸਂ<br>ਪਿਆ | ਸਂ<br>s | ਨੀ<br>s | ਸਂ<br>ਸ | ਸਂ<br>s | ਪ<br>s |

॥ ਸੋਰਠਿ ਮਹਲਾ ੧ ॥
ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥
ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥੧॥
ਮਨ ਰੇ ਰਾਮ ਨਾਮ ਜਸੁ ਲੇਇ ॥
ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥
ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥
ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥੨॥
ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥
ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥੩॥
ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ ॥
ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ॥੪॥੭॥ਪੰਨਾ ੫੯੭

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਫਰਵਰੀ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 123 | 185 | 318 |
| 2 | Eye | 12 | 17 | 29 |
| 3 | Cardiology | 10 | 48 | 58 |
| 4 | Dental | 12 | 16 | 28 |
| 5 | Gynaecology | 20 | 38 | 58 |
| 6 | Homoeopathy | 33 | 168 | 201 |
| | **Total** | **210** | **472** | **682** |
| | Laboratory | 52 | - | 52 |

## ਧੰਨਵਾਦਿ :

## ਫਰਵਰੀ 2015 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. Bibi Manjit Kaur Bindra #1655/34D 500/-
2. Bhai Malkit Singh M.Town, Karnal 5,100/-
3. Col. Ranjit Singh #207/Sec. 33A/Chd 2,000/-
4. S. D.P Singh #393/Phase 9/Mohali 11,000/-
5. All Indian Sikh Federation(Regd.) 21,000/-
6. Col. H.S Uppal #306/Sec 33A/Chd 20,000/-
7. S. D.S. Gujral # 169/2/Sec. 45A/Chd. 200/-
8. S. Narinder Bir Singh #1444/34C 1,000/-
9. Bibi Surjit Kaur #1444/Sec 34C/Chd 1,000/-
10. Air Marshal K.S. Bhatia(Retd.)/Ph. X 1,000/-
11. S. Dhanwant Singh #447/Ph 4/Mohali 500/-
12. Bibi Harsharan Kaur Sethi #1440/34C 500/-
13. Gurdwara Sahib Patshahi Novi 21,000/-
14. Tajinder Singh/ Mundi Kharar 200/-
15. Yaadvinder Singh/Mundi Kharar 100/-
16. Dilbagh Singh/ Mundi Kharar 500/-
17. Harmeet Kaur/ Mundi Kharar 100/-
18. Narinderjit Kaur/ Mundi Kharar 100/-
19. Dalbir Kaur/ Mundi Kharar 100/-
20. Surjit Kaur/ Mundi Kharar 100/-
21. Sukhvinder Singh/ Mundi Kharar 100/-
22. S.A.S. Oberoi,V.P. H.S.V. Energy P. Ltd. 25,000/-
23. S. Gurpal Singh/ Mundi Kharar 100/-
24. Piaar Kaur #3411/Sec.49 D/Chd 100/-
25. S. Surinder Singh/ House-fed/Mohali 100/-
26. Bibi Narinder Kaur #800/Sec.43B/Chd 600/-
27. Bibi. Rajleen Kaur #836/PhII/Mohali 500/-
28. Bibi. Harleen Kaur Naya Goan, 500/-
29. Bibi. Harpreet Kaur #461/Sec44A/Chd 500/-
30. Bibi Gurdeep Kaur #461/44A/ Chd 1,000/-
31. Bibi Umangjot Kaur c/o1444/34C 10,000/-
32. S. Gurvinder Singh Sarna Chd 2,500/-
33. Sewak Charitable Trust(Regd.) 15,000/-
34. Dr. Saranjit Singh#2817/Ph7/Mohali 2,000/-
35. S. D.P Singh #393/Phase 9/Mohali 1,000/-
36. S. Joginder Singh #1653/Ph5/Mohali 500/-
37. S. Balwant Singh/Gurd.sahib Ph5 500/-
38. S. Charanjit Singh #0437/34/Chd 2100/-
39. S. Mohinder Pal Singh& Bibi Rajinder Kaur #2637/47 C 2500/-
40. Bibi Daljit Kaur Oberoi #278/33A 2000/-
41. S. Ravinder Singh #1226/42B/Chd 100/-
42. Bibi Jaswir Kaur #F 403/Sec.70/Chd 200/-
43. Bibi Daljit Kaur #2528/Sec. 35/ Chd 100/-
44. Bibi Uttam Kaur #2580/Sec. 35/Chd 500/-
45. S. Dhian Singh #3106/Sec.40/Chd 200/-
46. S Narinderjit Singh # 215/40A /Chd 200/-
47. S. Gurbinder Singh Sec. 70/Mohali 1000/-
48. Dr. Darshanjot Kaur #1999/Ph10 400/
49. Bibi Gurleen Kaur # 964/Ph11 200/-
50. S. Karm Singh # 3486/Sec. 46C/Chd 400/-
51. S. Tejpal Singh #3203/Sec. 46C/Chd 500/-
52. S. Amarjit Singh # 2178/Sec. 45C 100/-
53. Bibi Surinder Kaur # 1002/2/45C/Chd 600/-
54. S. Taripatpal Singh #1201/Sec. 44 600/-
55. S. Manmohan Singh # 1047/Sec.44 200/-
56. Miss Pavneet Chawla #1082/43B 1000/-
57. S. Raghbir Singh # 760/Sec. 43A 200/-
58. S. Manjit Singh #143/1 /Sec. 45A 100/-
59. S. Gursharan Singh #246/1/45A/Chd 200/-
60. S.Devinder Singh #1812/Sec. 33D 300/-
61. Bibi Simarjit Kaur # 3/Sec. 34/Chd 200/-
62. S. Bharpur Singh # 1265/Sec. 34C 100/-
63. Bibi Parminder Kaur #1309/Sec.34C 100/-
64. Bibi Harbans Kaur #1443/Sec34C/Chd 200/-
65. Bibi Kulwant Kaur #1660/Sec34C/Chd 200/-
66. S. Manjit Singh #1575 /Sec. 34C/Chd 400/-
67. Bibi Kuldeep Kaur # 1425/Sec.22B 500/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।